ਉਹ ਐਸ.ਏ.ਐਸ.ਨਗਰ ਜ਼ਿਲ੍ਹੇ ਦੇ ਟੈਕਸ ਕੁਲੈਕਸ਼ਨ ਸੈਂਟਰ, ਝਰਮੜੀ, ਲਾਲੜੂ ਵਿਖੇ ਸੂਬੇ ਵਿੱਚ ਦਾਖਲ ਹੋਣ ਵਾਲੇ ਵਪਾਰਕ ਵਾਹਨਾਂ ਤੋਂ ਜਾਅਲੀ ਕੰਪਿਊਟਰ ਸਾਫਟਵੇਅਰ ਅਤੇ ਜਾਅਲੀ ਸਟੈਂਪਾਂ/ਸੀਲਾਂ ਦੀ ਵਰਤੋਂ ਕਰਕੇ ਟੈਕਸ ਉਗਰਾਹੀ ਕਰਨ ਸਬੰਧੀ ਇੱਕ ਘੁਟਾਲੇ ਵਿੱਚ ਲੋੜੀਂਦਾ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਐਫਆਈਆਰ ਨੰਬਰ 08, ਮਿਤੀ 08.06.2022 ਨੂੰ ਆਈਪੀਸੀ ਦੀ ਧਾਰਾ 420, 465, 467, 471,120 ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7ਏ, 13(1) (ਏ), 13(2) ਤਹਿਤ ਪਹਿਲਾਂ ਹੀ ਪੁਲਿਸ ਸਟੇਸ਼ਨ ਵਿਜੀਲੈਂਸ ਬਿਊਰੋ, ਐਫ.ਐਸ.-1, ਪੰਜਾਬ, ਮੋਹਾਲੀ ਵਿਖੇ ਕੇਸ ਦਰਜ ਕੀਤਾ ਜਾ ਚੁੱਕਾ ਹੈ। ਇਸ ਕੇਸ ਵਿੱਚ ਹਰਪਾਲ ਸਿੰਘ ਵਾਸੀ ਪਿੰਡ ਹਸਨਪੁਰ, ਫਤਿਹਾਬਾਦ, ਹਰਿਆਣਾ, ਸਲਿੰਦਰ ਸਿੰਘ ਵਾਸੀ ਪਿੰਡ ਬਿਸ਼ਨਪੁਰਾ, ਜ਼ੀਰਕਪੁਰ ਅਤੇ ਪ੍ਰਵੀਨ ਕੁਮਾਰ ਵਾਸੀ ਪਿੰਡ ਖਾਨਪੁਰ, ਖਰੜ, ਐਸ.ਏ.ਐਸ.ਨਗਰ ਦੇ ਤਿੰਨ ਮੁਲਜ਼ਮਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜੋ ਕਿ ਅੰਤਰਰਾਜੀ ਟੈਕਸ ਉਗਰਾਹੀ ਕੇਂਦਰ ਵਿਖੇ ਜਾਅਲੀ ਕੰਪਿਊਟਰ ਸਾਫਟਵੇਅਰ ਅਤੇ ਫ਼ਰਜ਼ੀ ਸਟੈਂਪਾਂ/ਸੀਲਾਂ ਦੀ ਵਰਤੋਂ ਕਰਦੇ ਸਨ।

ਉਕਤ ਮੁਲਾਜ਼ਮਾਂ ਦੇ ਸਾਥੀ ਸਤਪਾਲ ਚੌਧਰੀ ਨੂੰ ਵੀ ਟਰਾਂਸਪੋਰਟ ਵਿਭਾਗ ਦੇ ਈ-ਪਰਿਵਾਹਨ ਸਾਫਟਵੇਅਰ ਦੀ ਤਰਜ਼ ‘ਤੇ ਤਿਆਰ ਕੀਤੇ ਜਾਅਲੀ ਸਾਫਟਵੇਅਰ ਦਾ ਲਿੰਕ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਨਾਮਜ਼ਦ ਕੀਤਾ ਗਿਆ ਸੀ।

ਇਸ ਘੁਟਾਲੇ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਰੋਜ਼ਾਨਾ 2000 ਦੇ ਕਰੀਬ ਵਪਾਰਕ ਵਾਹਨਾਂ ਦੇ ਨਾਲ-ਨਾਲ ਵਪਾਰਕ ਵਾਹਨਾਂ ਦੀਆਂ ਨਵੀਆਂ ਚਾਸੀਆਂ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਦਾਖਲ ਹੁੰਦੀਆਂ ਹਨ। ਇਨ੍ਹਾਂ ਵਾਹਨਾਂ ਨੂੰ ਪੰਜਾਬ ਵਿੱਚ ਦਾਖਲ ਹੋਣ ਜਾਂ ਲੰਘਣ ਲਈ ਟੈਕਸ ਦਾ ਭੁਗਤਾਨ ਕਰਨਾ ਪੈਂਦਾ ਹੈ, ਜੋ ਕਿ ਸਬੰਧਤ ਵਾਹਨ ਦੇ ਡਰਾਈਵਰ/ਮਾਲਕ ਦੁਆਰਾ ਆਨਲਾਈਨ ਜਾਂ ਉਕਤ ਚੈੱਕ ਪੋਸਟ 'ਤੇ ਤਾਇਨਾਤ ਸਟਾਫ਼ ਕੋਲ ਜਮ੍ਹਾ ਕਰਾਇਆ ਜਾਂਦਾ ਹੈ।



ਬੁਲਾਰੇ ਨੇ ਅੱਗੇ ਕਿਹਾ ਕਿ ਝਰਮੜੀ ਵਿਖੇ ਆਰ.ਟੀ.ਏ. ਚੈਕ ਪੋਸਟ 'ਤੇ ਤਾਇਨਾਤ ਮੁਲਾਜ਼ਮ ਈ-ਪਰਿਵਾਹਨ ਸਾਫਟਵੇਅਰ ਵਿੱਚ ਵਾਹਨ ਦੇ ਰਜਿਸਟ੍ਰੇਸ਼ਨ ਨੰਬਰ ਅਤੇ ਕਿਸਮ ਸਮੇਤ ਲੋੜੀਂਦੇ ਵੇਰਵੇ ਭਰਨ ਤੋਂ ਬਾਅਦ ਟੈਕਸ ਦੀ ਬਣਦੀ ਰਕਮ ਵਸੂਲਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਵਸੂਲੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੁੰਦੀ ਹੈ। ਹਾਲਾਂਕਿ, ਇਨ੍ਹਾਂ ਮੁਲਾਜ਼ਮਾਂ ਨੇ ਰਕਮ ਦਾ ਗਬਨ ਕਰਨ ਦੇ ਇਰਾਦੇ ਨਾਲ, ਅਸਲ ਵਰਗਾ ਇੱਕ ਜਾਅਲੀ ਸਾਫਟਵੇਅਰ ਤਿਆਰ ਕੀਤਾ ਅਤੇ ਇਸ ਦੀ ਵਰਤੋਂ ਵਪਾਰਕ ਵਾਹਨਾਂ ਤੋਂ ਟੈਕਸ ਵਸੂਲਣ ਅਤੇ ਵਾਹਨਾਂ ਦੇ ਮਾਲਕਾਂ/ਡਰਾਈਵਰਾਂ ਲਈ ਜਾਅਲੀ ਰਸੀਦਾਂ ਤਿਆਰ ਕਰਨ ਲਈ ਕਰਦੇ ਸਨ।

ਬੁਲਾਰੇ ਨੇ ਦੱਸਿਆ ਕਿ ਇਸ ਤਰ੍ਹਾਂ ਹੋਣ ਵਾਲੀ ਆਮਦਨ ਨਾਲ ਇਹ ਮੁਲਜ਼ਮ ਲੰਮੇ ਸਮੇਂ ਤੋਂ ਆਪਣੀਆਂ ਜੇਬਾਂ ਭਰ ਰਹੇ ਸਨ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਸੀ। ਉਹਨਾਂ ਅੱਗੇ ਦੱਸਿਆ ਕਿ ਇੰਨਾ ਹੀ ਨਹੀਂ, ਉਨ੍ਹਾਂ ਨੇ ਵਾਹਨਾਂ ਦੇ ਮਾਲਕਾਂ/ਡਰਾਈਵਰਾਂ ਨੂੰ ਇਸ ਦੀ ਅਸਲੀਅਤ ਬਾਰੇ ਯਕੀਨ ਦਿਵਾਉਣ ਲਈ ਰਸੀਦਾਂ 'ਤੇ ਚਿਪਕਾਉਣ ਲਈ ਜਾਅਲੀ ਸਟੈਂਪ/ਸੀਲਾਂ ਵੀ ਬਣਾਈਆਂ ਹੋਈਆਂ ਸਨ।

# ਆਪ ਦੇ ਸਹਿਯੋਗ ਨਾਲ ਕੇਂਦਰ ਵਿੱਚ ਬਣੇਗੀ ਅਗਲੀ ਸਰਕਾਰ :ਮੀਤ ਹੇਅਰ



**ਸੰਗਰੂਰ ਸਾਂਝੀ ਸੋਚ ਬਿਊਰੋ**

ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਦਿੜ੍ਹਬਾ ਹਲਕੇ ਦੇ ਪਿੰਡਾਂ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਕੇਂਦਰ ਵਿੱਚ ਨਵੀਂ ਬਣਨ ਵਾਲੀ ਸਰਕਾਰ ਵਿੱਚ ਆਪ ਦਾ ਵੱਡਾ ਰੋਲ ਹੋਵੇਗਾ ਅਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਵਿਤਕਰੇਬਾਜ਼ੀ ਬੰਦ ਹੋਵੇਗੀ ਅਤੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਕੇਂਦਰ ਵੱਲੋਂ ਪੰਜਾਬ ਦੇ ਰੋਕੇ ਫੰਡਾਂ ਨੂੰ ਖੁਦ ਜਾਰੀ ਕਰਵਾਉਣਗੇ।

ਮੀਤ ਹੇਅਰ ਨੇ ਕਿਹਾ ਕਿ ਦੇਸ਼ ਵਿੱਚ ਬਦਲਾਅ ਦੀ ਲਹਿਰ ਚੱਲ ਰਹੀ ਹੈ ਅਤੇ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਕੇਂਦਰ ਵਿੱਚ ਬਣਨ ਜਾ ਰਹੀ ਨਵੀਂ ਸਰਕਾਰ ਵਿੱਚ ਅਹਿਮ ਰੋਲ ਨਿਭਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਵਿਧਾਨ ਸਭਾ ਚੋਣਾਂ ਵਾਂਗ ਮਨ ਬਣਾ ਚੁੱਕੇ ਹਨ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਪੰਜਾਬ ਅਤੇ ਪੰਜਾਬ ਦੇ ਹੱਕਾਂ ਦੀ ਵਕਾਲਤ ਲਈ ਚੁਣਿਆ ਜਾਵੇ।

ਮੀਤ ਹੇਅਰ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਦੇ 400 ਸੀਟਾਂ ਦੇ ਦਾਅਵੇ ਦੀ ਦੇਸ਼ ਵਿੱਚ ਹੁਣ ਤੱਕ ਹੋਈਆਂ ਤਿੰਨ ਫੇਜ਼ ਦੀਆਂ ਚੋਣਾਂ ਵਿੱਚ ਫੂਕ ਨਿਕਲ ਗਈ ਹੈ ਅਤੇ ਪੰਜਾਬ ਵਿੱਚ ਭਾਜਪਾ ਨੂੰ ਜ਼ਬਰਦਸਤ ਸਿਕਸ਼ਤ ਮਿਲੇਗੀ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਸੰਗਰੂਰ ਤੋਂ ਉਮੀਦਵਾਰ ਲੱਭਣ ਵਿੱਚ ਇੰਨਾ ਸਮਾਂ ਨਿਕਲਿਆ ਕਿ ਉਹ ਹੁਣ ਚੋਣ ਪ੍ਰਚਾਰ ਦੌਰਾਨ ਪੂਰਾ ਹਲਕਾ ਕਵਰ ਵੀ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਖਾਸ ਕਰਕੇ ਸੰਗਰੂਰ ਵਿੱਚ ਆਪਣੀ ਪਹਿਲਾਂ ਹੀ ਹਾਰ ਮੰਨੀ ਬੈਠੀ ਹੈ ਅਤੇ ਪਾਰਲੀਮੈਂਟ ਵਿੱਚ ਆਪ ਪੰਜਾਬ ਦੀ ਆਵਾਜ਼ ਬਣ ਕੇ ਗੂੰਜੇਗੀ।

ਦਿੜ੍ਹਬਾ ਤੋਂ ਐਮ.ਐਲ.ਏ. ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਮੀਤ ਹੇਅਰ ਪਾਰਲੀਮੈਂਟ ਵਿੱਚ ਸੰਗਰੂਰ ਦਾ ਨੁਮਾਇੰਦਾ ਬਣੇਗਾ ਉਥੇ ਬਾਕੀ ਸੀਟਾਂ ਤੋਂ ਵੀ ਆਪ ਉਮੀਦਵਾਰ ਵੱਡੀ ਜਿੱਤ ਹਾਸਲ ਕਰਨਗੇ ਅਤੇ ਪੰਜਾਬ ਨਾਲ ਪਿਛਲੀਆਂ ਕੇਂਦਰ ਸਰਕਾਰਾਂ ਵੱਲੋਂ ਕੀਤੀ ਵਿਤਕਰੇਬਾਜ਼ੀ ਨੂੰ ਖਤਮ ਕਰਨਗੇ। ਉਨ੍ਹਾਂ ਕਿਹਾ ਕਿ ਆਪ ਨਵੀਂ ਬਣਨ ਜਾ ਰਹੀ ਕੇਂਦਰ ਸਰਕਾਰ ਵਿੱਚ ਭਾਈਵਾਲ ਹੋਵੇਗੀ ਅਤੇ ਇਥੋਂ ਜਿੱਤੇ ਐਮ.ਪੀ. ਪੰਜਾਬ ਦੇ ਰੋਕੇ ਹੋਏ ਫੰਡ ਜਾਰੀ ਕਰਵਾਉਣਗੇ। ਆਰ.ਡੀ.ਐਫ. ਅਤੇ ਸਿਹਤ ਸੇਵਾਵਾਂ ਲਈ ਰੁਕੇ ਫੰਡ ਤੁਰੰਤ ਜਾਰੀ ਕਰਵਾਏ ਜਾਣਗੇ ਜਿਸ ਨਾਲ ਪੰਜਾਬ ਵਿੱਚ ਵਿਕਾਸ ਦੀ ਰਫਤਾਰ ਹੋਰ ਤੇਜ਼ ਹੋਵੇਗੀ।

ਮੀਤ ਹੇਅਰ ਅਤੇ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਦਿੜ੍ਹਬਾ ਹਲਕੇ ਦੇ ਪਿੰਡਾਂ ਮਹਿਲਾਂ, ਗੋਬਿੰਦਪੁਰਾ ਨਾਗਰੀ, ਘਨੌੜ ਜੱਟਾਂ, ਮੌੜਾਂ, ਸੂਲਰ ਘਰਾਟ, ਸਫੀਪੁਰ ਕਲਾਂ ਵਿਖੇ ਭਰਵੀਆਂ ਚੋਣ ਰੈਲੀਆਂ ਕੀਤੀਆਂ ਗਈਆਂ ਅਤੇ ਦੇਰ ਸ਼ਾਮ ਤੱਕ ਹੋਰ ਪਿੰਡਾਂ ਨੂੰ ਵੀ ਕਵਰ ਕਰ ਕੇ ਦਿੜ੍ਹਬਾ ਵਿਖੇ ਚੋਣ ਰੈਲੀ ਕੀਤੀ ਜਾਵੇਗੀ। ਇਸ ਮੌਕੇ ਦਿੜ੍ਹਬਾ ਤੋਂ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਲੰਟੀਅਰ ਹਾਜ਼ਰ ਸਨ।




WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
JATINDER SINGH
LOWEST AIRFARES FROM USA TO INDIA
★Travel Insurance ★ Great last Minute Deals★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


ਸ਼੍ਰੋਮਣੀ ਅਕਾਲੀ ਦਲ
VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
PARWINDER PAL SINGH RATHAUR


A One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੈਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਭਾਜਪਾ ਉਮੀਦਵਾਰ ਸੰਧੂ ਸਮੁੰਦਰੀ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ ਨਾਮਜ਼ਦਗੀ ਕਾਗ਼ਜ਼ ਦਾਖਲ ਕਰਨਗੇ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ 10 ਮਈ ਨੂੰ ਨਾਮਜ਼ਦਗੀ ਕਾਗ਼ਜ਼ ਦਾਖਲ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹਿਣਗੇ। ਤਰਨਜੀਤ ਸਿੰਘ ਸੰਧੂ ਸਮੁੰਦਰੀ ਦਾ ਕਾਫ਼ਲਾ ਸਵੇਰੇ ਸਾਢੇ ਨੌਂ ਵਜੇ ਸਥਾਨਕ ਨਾਵਲਟੀ ਚੌਕ ਤੋਂ ਰੋਡ ਸ਼ੋਅ ਕਰਦਿਆਂ ਸਾਢੇ ਗਿਆਰਾਂ ਵਜੇ ਜ਼ਿਲ੍ਹਾ ਕਚਹਿਰੀ ਡੀ ਸੀ ਦਫ਼ਤਰ ਵਿਖੇ ਪਹੁੰਚੇਗਾ। ਜਿੱਥੇ ਸੰਧੂ ਸਮੁੰਦਰੀ ਬਤੌਰ ਭਾਜਪਾ ਉਮੀਦਵਾਰ ਅੰਮ੍ਰਿਤਸਰ ਲੋਕ ਸਭਾ ਸੀਟ ਲਈ ਨਾਮਜ਼ਦਗੀ ਕਾਗ਼ਜ਼ ਦਾਖਲ ਕਰਨਗੇ।

ਇਸੇ ਦੌਰਾਨ ਸ਼ਾਮ 3:30 ਵਜੇ ਸਪੀਕਰ ਅਤੇ ਮੁੱਖ ਮਹਿਮਾਨ ਡਾ. ਜੈ ਸ਼ੰਕਰ ਬੁੱਧੀਜੀਵੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਨਗੇ। ਉਹ ਖੇਤਰੀ ਅਤੇ ਰਾਸ਼ਟਰੀ ਮੁੱਦਿਆਂ 'ਤੇ ਡੂੰਘਾਈ ਨਾਲ ਚਰਚਾ ਕਰਨਗੇ। ਇਹ ਐਸ.ਜੀ. ਠਾਕੁਰ ਸਿੰਘ ਆਰਟ ਗੈਲਰੀ, ਐੱਮ.ਐੱਮ. ਮਾਲਵੀਆ ਰੋਡ, ਸਾਹਮਣੇ ਕੰਪਨੀ ਬਾਗ, ਅੰਮ੍ਰਿਤਸਰ ਵਿਖੇ ਹੋਵੇਗਾ। ਇਸ ਮੌਕੇ ਭਾਜਪਾ ਉਮੀਦਵਾਰ ਸ: ਤਰਨਜੀਤ ਸਿੰਘ ਸੰਧੂ ਸਮੁੰਦਰੀ ਤੋਂ ਇਲਾਵਾ ਡਾ. ਜਸਵਿੰਦਰ ਸਿੰਘ ਢਿੱਲੋਂ ਸਾਬਕਾ ਵੀ ਸੀ ਅਤੇ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਸ਼ਹਿਰੀ ਹਰਵਿੰਦਰ ਸਿੰਘ ਸੰਧੂ ਮੌਜੂਦ ਰਹਿਣਗੇ।

ਮੀਡੀਆ ਸਲਾਹਕਾਰ ਤੇ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਦੱਸਿਆ ਕਿ ਭਾਜਪਾ ਉਮੀਦਵਾਰ ਸੰਧੂ ਸਮੁੰਦਰੀ ਗੁਰੂ ਨਗਰੀ ਅੰਮ੍ਰਿਤਸਰ ਦੇ ਵਿਕਾਸ ਦੇ ਵਿਜ਼ਨ ਨੂੰ ਲੈ ਕੇ ਭਾਜਪਾ ਵੱਲੋਂ ਚੋਣ ਮੈਦਾਨ 'ਚ ਉਤਾਰੇ ਗਏ ਹਨ। ਭਾਰਤ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਕਾਸ ਲਿਆਂਦਾ, ਪਰ ਮੌਜੂਦਾ ਐੱਮ ਪੀ ਅਤੇ ਰਾਜ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਅੰਮ੍ਰਿਤਸਰ ਵਿਕਾਸ ਪੱਖੋਂ ਪਛੜਦਾ ਗਿਆ। ਇੰਦੌਰ ਛੇ ਸਾਲ 'ਚ ਕਿੱਥੋਂ ਕਿੱਥੇ ਪਹੁੰਚ ਗਿਆ ਪਰ ਅਸੀਂ ਸੀਵਰੇਜ, ਪਾਣੀ ਅਤੇ ਸੜਕ ਵਰਗੀਆਂ ਬੁਨਿਆਦੀ ਲੋੜਾਂ ਦੀਆਂ ਸਮੱਸਿਆਵਾਂ ਤੋਂ ਬਾਹਰ ਨਹੀਂ ਆ ਸਕੇ ਹਨ। ਲੋਕ ਪ੍ਰੇਸ਼ਾਨ ਹਨ। ਇਥੇ ਕਾਨੂੰਨੀ ਵਿਵਸਥਾ 'ਤੇ ਡਰੱਗ ਮਾਫ਼ੀਆ ਦਾ ਬੋਲ ਬਾਲਾ ਹੈ। ਸਾਡੀ ਐਗਰੀਕਲਚਰ ਅਤੇ ਇੰਡਸਟਰੀ ਬੇ-



ਹਾਲ ਹੈ। ਅੰਮ੍ਰਿਤਸਰ ਦੇ ਡਿਵੈਲਪਮੈਂਟ ਲਈ ਇੱਥੇ ਸੱਤ ਸਾਲ ਤੋਂ ਮੈਂਬਰ ਪਾਰਲੀਮੈਂਟ ਅਤੇ ਦੋ ਸਾਲ ਦੀ ਇਥੇ ਆਪ ਦੀ ਸਰਕਾਰ ਨੇ ਇਕ ਇੱਟ ਤਕ ਨਹੀਂ ਲਗਾਈ ਹੈ।

ਦੂਜੇ ਪਾਸੇ ਸੰਧੂ ਸਮੁੰਦਰੀ ਹਨ ਜਿਨ੍ਹਾਂ ਨੇ ਐੱਮ ਪੀ ਬਣਨ ਤੋਂ ਪਹਿਲਾਂ ਹੀ ਅੰਮ੍ਰਿਤਸਰ ਦੇ ਵਿਕਾਸ ਅਤੇ ਨੌਜਵਾਨੀ ਨੂੰ ਸਵੈ ਰੁਜ਼ਗਾਰ ਦੇ ਖੇਤਰ 'ਚ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀ ਪ੍ਰੇਰਣਾ ਸਦਕਾ ਅਮਰੀਕਨ ਪ੍ਰਵਾਸੀ ਭਾਈਚਾਰੇ ਤੋਂ 100 ਮਿਲੀਅਨ ਡਾਲਰ ਭਾਵ 830 ਕਰੋੜ ਸਟਾਰਟ ਅੱਪ ਸ਼ੁਰੂ ਕਰਾਉਣ ਲਈ ਇਕੱਠੇ ਕਰ ਲਏ ਹਨ। ਅੰਮ੍ਰਿਤਸਰ ਨੂੰ ਹਰ ਹਾਲ 'ਚ ਡਰੱਗ ਫ਼ਰੀ ਕੀਤਾ ਜਾਵੇਗਾ। ਅਮਰੀਕਾ ਦੀ ਨਸ਼ਾ ਛਡਾਊ ਦਵਾਈ ਐਨ ਆਰ ਆਈ ਫ਼ਰੀ ਦੇਣ ਲਈ ਤਿਆਰ ਹਨ। ਅੰਮ੍ਰਿਤਸਰ ਦੀ ਗੰਦਗੀ ਨੂੰ ਟੈਕਨੌਲੋਜੀ ਅਤੇ ਪੈਸੇ ਦੀ ਮਦਦ ਨਾਲ ਸਾਫ਼ ਕਰਨ 'ਚ ਉਹ ਮਦਦ ਕਰਨਗੇ। ਇਹ ਤਾਂ ਸਿਰਫ਼ ਸ਼ੁਰੂਆਤ ਹੈ। ਪ੍ਰਧਾਨ ਮੰਤਰੀ ਮੋਦੀ ਸਾਹਿਬ ਦੀਆਂ ਕਈ ਸਕੀਮਾਂ ਹਨ ਜੋ ਇਥੇ ਪਹੁੰਚੀਆਂ ਨਹੀਂ, ਉਹ ਲਿਆਵਾਂਗੇ। ਅੰਮ੍ਰਿਤਸਰ ਨੂੰ ਸਮਾਰਟ ਸਿਟੀ ਬਣਾਉਣ ਕੇਂਦਰ ਤੋਂ ਆਇਆ ਪੈਸਾ ਕਿੱਥੇ ਗ਼ਾਇਬ ਹੋ ਗਿਆ ? ਇਸ ਬਾਰੇ ਵੀ ਜਾਂਚ ਕਰਾਈ ਜਾਵੇਗੀ। ਅੰਮ੍ਰਿਤਸਰ ਦੇ ਵਿਕਾਸ ਲਈ ਮੋਦੀ ਸਰਕਾਰ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਣਾ ਹੈ। ਅੰਮ੍ਰਿਤਸਰ 'ਚ ਅਮਰੀਕਨ ਕੌਂਸਲੇਟ ਖੋਲ੍ਹਣ ਦਾ ਸੁਪਨਾ ਵੀ ਜਲਦ ਪੂਰਾ ਹੋਣ ਜਾ ਰਿਹਾ ਹੈ । ਮਲਟੀਪਲ ਵੀਜ਼ਾ ਅਪਲਾਈ ਲਈ 'ਵੀ ਐੱਫ਼ ਐਸ ਗਲੋਬਲ ਸੈਂਟਰ' ਨੂੰ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਜਾਵੇਗਾ ਅਤੇ ਲੋਕਾਂ ਲਈ ਬਾਇਓ ਮੈਟਰਿਕ ਉਪਕਰਨ ਉਪਲਬਧ ਕਰਾਇਆ ਜਾਣਾ ਹੈ। ਗੁਰੂ ਨਾਨਕ ਦੇਵ ਹਸਪਤਾਲ ਤੇ ਮੈਡੀਕਲ ਕਾਲਜ ਨੂੰ ਏਮਜ਼ 'ਚ ਤਬਦੀਲ ਕੀਤਾ ਜਾਵੇਗਾ। ਅੰਮ੍ਰਿਤਸਰ 'ਚ ਕੇਂਦਰੀ ਯੂਨੀਵਰਸਿਟੀ ਲਿਆਉਣ, ਅੰਮ੍ਰਿਤਸਰ ਨੂੰ ਆਈ ਟੀ ਹੱਬ ਬਣਾਉਣ, ਅਟਾਰੀ ਬਾਡਰ ( ਆਈ ਪੀ ਸੀ ) ਰਾਹੀ ਵਪਾਰ,

ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਇੰਟਰਨੈਸ਼ਨਲ ਏਅਰ ਪੋਰਟ, ਰਾਜਾਸਾਂਸੀ ਅੰਮ੍ਰਿਤਸਰ ਤੋਂ ਏਅਰ ਕਾਰਗੋ ਦੇ ਪੂਰੀ ਸਮਰੱਥਾ ਦੀ ਵਰਤੋਂ ਕੀਤਾ ਜਾਵੇਗਾ ਜਿਸ ਨਾਲ ਕਿਸਾਨਾਂ ਦੀਆਂ ਸਬਜ਼ੀਆਂ ਅਤੇ ਫਲ਼ ਆਦਿ ਨੂੰ ਬਾਹਰ ਭੇਜਣਾ ਸੰਭਵ ਹੋਵੇਗਾ। ਅੰਮ੍ਰਿਤਸਰ ਵਾਇਆ ਮਖੂ - ਗੁਜਰਾਤ ਅਤੇ ਮੁੰਬਈ ਪੋਰਟ ਰਾਹੀਂ ਯੂ ਏ ਈ ਤੇ ਖਾੜੀ ਦੇਸ਼ਾਂ ਨਾਲ ਵਪਾਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਅੰਮ੍ਰਿਤਸਰ ਲਈ ਏਅਰ ਕੁਨੈਕਟੀਵਿਟੀ 'ਚ ਭਾਰੀ ਵਾਧਾ ਕਰਨ ਤੋਂ ਇਲਾਵਾ ਕੈਨੇਡਾ ਅਤੇ ਅਮਰੀਕਾ ਤੋਂ ਸਿੱਧੀਆਂ ਉਡਾਣਾਂ ਆਉਣ ਜਾਗੀਆਂ। ਸਰਹੱਦੀ ਖੇਤਰ ਅੰਮ੍ਰਿਤਸਰ 'ਚ ਐਸ ਈ ਜੈਡ ਸਥਾਪਿਤ ਕੀਤਾ ਜਾਵੇਗਾ ਅਤੇ ਬਾਡਰ ਏਰੀਆ ਡਿਵੈਲਪਮੈਂਟ ਫ਼ੰਡ ਦੀ ਵਰਤੋਂ ਕੇਵਲ ਆਪਣੇ ਮਕਸਦ ਲਈ ਹੀ ਹੋਵੇਗੀ। ਕੰਡਿਆਲੀਆਂ ਤਾਰਾਂ ਤੋਂ ਪਾਰ ਜ਼ਮੀਨਾਂ 'ਚ ਕੰਮ ਕਰਦੇ ਕਿਸਾਨਾਂ ਮਜ਼ਦੂਰਾਂ ਲਈ ਵਧੇਰੇ ਸਮਾਂ ਦਿਵਾਉਣਾ, ਤਾਰ ਤੋਂ ਪਾਰ ਜ਼ਮੀਨਾਂ ਦਾ ਮੁਆਵਜ਼ਾ ਅਤੇ ਕੰਡਿਆਲੀ ਤਾਰ ਨੂੰ ਜ਼ੀਰੋ ਲਾਈਨ 'ਤੇ ਲਿਜਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਅਮਰੀਕਨ ਯੂਨੀਵਰਸਿਟੀਆਂ ਦੀ ਤਰਾਂ ਸਾਡੇ ਇਥੇ ਵੀ ਉਹ ਐਜੂਕੇਸ਼ਨ ਵਿਵਸਥਾ ਹੋਣੀਚਾਹੀਦੀ ਹੈ। ਤਾਂ ਜੋ ਸਾਡੇ ਬੱਚਿਆਂ ਨੂੰ ਕਿਸੇ ਮਜਬੂਰੀ 'ਚ ਵੀ ਬਾਹਰ ਨਾ ਜਾਣਾ ਪਵੇ। ਇਥੇ ਪੂੰਜੀ ਨਿਵੇਸ਼ ਹੋਵੇ। ਫ਼ੈਕਟਰੀਆਂ ਹੋਣ। ਗੁਜਰਾਤ 'ਚ ਲੱਗ ਰਹੀ ਸੈਮੀਕੰਡਕਟਰ ਦੀ ਫ਼ੈਕਟਰੀ ਅਤੇ ਸੋਲਰ ਦੀ ਸਭ ਤੋਂ ਵੱਡੀ ਫ਼ੈਕਟਰੀ ਦੀਆਂ ਬਰਾਂਚਾਂ ਇਥੇ ਹੋਣਗੀਆਂ । ਇੱਥੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਸਕਿੱਲ 'ਚ ਟ੍ਰੇਨਿੰਗ ਦਿੱਤੀ ਜਾਵੇਗੀ ।

## ਗੁੰਡਾਗਰਦੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ :ਨਰਾਇਣ ਦੱਤ



ਬਰਨਾਲਾ
ਸਾਂਝੀ ਸੋਚ ਬਿਊਰੋ

ਇਨਕਲਾਬੀ ਕੇਂਦਰ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਡਾ ਰਜਿੰਦਰ ਪਾਲ ਉੱਪਰ ਅਗਵਾ ਕਰਨ, ਜਾਨਲੇਵਾ ਹਮਲਾ ਕਰਨ ਵਾਲੇ ਦੋਸ਼ੀਆਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਖ਼ਿਲਾਫ਼ ਗੁੱਸੇ ਦੀ ਲਹਿਰ ਫੈਲ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਨੇ ਸਾਂਝੇ ਵਫਦ ਦੀ ਤਰਫੋਂ ਡੀਐਸਪੀ ਬਰਨਾਲਾ ਸਤਵੀਰ ਸਿੰਘ ਬੈਂਸ ਨੂੰ ਮਿਲਣ ਤੋ ਬਾਅਦ ਦੱਸਿਆ ਕਿ ਸੇਖਾ ਰੋਡ ਬਰਨਾਲਾ ਉੱਪਰ ਰਿਹਾਇਸ਼ੀ ਇਲਾਕੇ ਵਿੱਚ ਨਜਾਇਜ਼ ਗੁਦਾਮਾਂ ਦੀ ਉਸਾਰੀ ਰੋਕਣ ਲਈ ਡਾ ਰਜਿੰਦਰ ਪਾਲ ਦੀ ਅਗਵਾਈ ਹੇਠ ਸੰਘਰਸ਼ ਕਮੇਟੀ ਬਣੀ ਹੋਈ ਹੈ। ਸੇਖਾ ਰੋਡ ਗਲੀ ਨੰਬਰ 10-11 ਵਿੱਚ ਕੁੱਝ ਵਪਾਰਕ ਘਰਾਣੇ ਮਿਊਂਸਪਲ ਕਮੇਟੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਮਨੁੱਖੀ ਜ਼ਿੰਦਗੀਆਂ ਨੂੰ ਦਾਅ ਤੇ ਲਾਕੇ ਨਜਾਇਜ਼ ਗੁਦਾਮਾਂ ਦੀ ਉਸਾਰੀ ਕਰਕੇ ਜਲਣਸ਼ੀਲ ਪਦਾਰਥ ਜਮ੍ਹਾਂ ਕਰ ਰਹੇ ਹਨ। ਇਹ ਜਲਣਸ਼ੀਲ ਪਦਾਰਥ ਕਿਸੇ ਵੀ ਕਿਸੇ ਵੀ ਸਮੇਂ ਮਨੁਖੀ ਜ਼ਿੰਦਗੀ ਦਾ ਖੌਅ ਬਣ ਸਕਦਾ ਹੈ। ਮੁਹੱਲਾ ਨਿਵਾਸੀ ਸਾਲਾਂ ਬੱਧੀ ਸਮੇਂ ਤੋਂ ਇਨਸਾਫ਼ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਸੇ ਕਰਕੇ ਕੁੱਝ ਸਮਾਜ ਵਿਰੋਧੀ ਅਨਸਰਾਂ ਨੇ ਡਾ. ਰਜਿੰਦਰ ਪਾਲ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਅਗਵਾ ਕੀਤਾ ਪਰ ਮੁਹੱਲਾ ਨਿਵਾਸੀਆਂ ਦੇ ਜ਼ਬਰਦਸਤ ਵਿਰੋਧ ਕਾਰਨ ਸਫ਼ਲ ਨਹੀਂ ਹੋ ਸਕੇ। ਉਸੇ ਸਮੇਂ ਤੋਂ ਗੁੰਡਾਗਰਦੀ ਦੇ ਵਧ ਰਹੇ ਇਹ ਵਰਤਾਰੇ ਕਾਰਨ ਦੋਸ਼ੀਆਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕਰ ਰਹੇ ਹਨ। ਪੁਲਿਸ ਪ੍ਰਸ਼ਾਸਨ ਨੇ ਚਾਰ ਦੋਸ਼ੀਆਂ ਖਿਲਾਫ਼ ਪਰਚਾ ਦਰਜ ਕਰ ਲਿਆ ਪਰ ਇਸ ਵਾਰਦਾਤ ਵਿੱਚ ਸ਼ਾਮਿਲ ਸਾਰੇ ਦੋਸ਼ੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਜਦ ਕਿ ਮੌਕੇ ਦੀ ਵੀਡੀਓ ਵੀ ਪੁਲਿਸ ਅਧਿਕਾਰੀਆਂ ਨੂੰ ਵਿਖਾਈ ਜਾ ਚੁੱਕੀ ਹੈ। ਅੱਜ ਵਫਦ ਵਿੱਚ ਸ਼ਾਮਿਲ ਜਗਰਾਜ ਸਿੰਘ ਹਰਦਾਸਪੁਰਾ, ਸੰਦੀਪ ਸਿੰਘ ਚੀਮਾ, ਸੁਖਵਿੰਦਰ ਸਿੰਘ ਠੀਕਰੀਵਾਲਾ, ਜਸਪਾਲ ਸਿੰਘ ਚੀਮਾ, ਮੁਨੀਸ਼ ਅਤੇ ਸੁਸ਼ੀਲ ਕੁਮਾਰ ਨੇ ਕਿਹਾ ਕਿ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਨਹੀਂ ਸੰਘਰਸ਼ਸ਼ੀਲ ਜਥੇਬੰਦੀਆਂ ਸੰਘਰਸ਼ ਦਾ ਰਾਹ ਅਖਤਿਆਰ ਕਰਨ ਲਈ ਮਜ਼ਬੂਰ ਹੋਣਗੀਆਂ। ਡੀਐੱਸਪੀ ਸਤਵੀਰ ਸਿੰਘ ਨੇ ਭਰੋਸਾ ਦਿੱਤਾ ਕਿ ਦੋਸ਼ੀਆਂ ਖਿਲਾਫ਼ ਜਲਦ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਕੇਕੇਯੂ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ 'ਭਾਜਪਾ ਹਰਾਓ ਭਾਜਪਾ ਭਜਾਓ' ਦੇ ਨਾਅਰੇ ਹੇਠ ਲਾਮਬੰਦੀ ਰੈਲੀਆਂ



ਕੂੰਨਰਾਂ
ਸਾਂਝੀ ਸੋਚ ਬਿਊਰੋ

ਅੱਜ ਨੇੜਲੇ ਪਿੰਡ ਕੂੰਨਰਾਂ ਅਤੇ ਦੁੱਗਾਂ ਵਿਖੇ ਕਿਰਤੀ ਕਿਸਾਨ ਯੂਨੀਅਨ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਭਾਜਪਾ ਹਰਾਓ ਭਾਜਪਾ ਭਜਾਓ ਦੇ ਨਾਅਰੇ ਹੇਠ ਰੈਲੀਆਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਅਤੇ ਪਿੰਡਾਂ ਵਿੱਚ ਆਉਣ ਵਾਲੇ ਭਾਜਪਾ ਲੀਡਰਾਂ ਨੂੰ ਭਜਾਉਣ ਬਾਕੀ ਪਾਰਟੀਆਂ ਦੇ ਆਗੂਆਂ ਨੂੰ ਸਵਾਲ ਕਰਨ ਅਤੇ ਅਖੌਤੀ ਲੋਕਤੰਤਰੀ ਸਿਸਟਮ ਨੂੰ ਬੇਪਰਦ ਕਰਨ ਦਾ ਨਾਅਰਾ ਦਿੱਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ, ਕਿਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਦਰਸ਼ਨ ਸਿੰਘ ਕੂੰਨਰਾਂ ਨੇ ਦੱਸਿਆ ਕਿ ਜਦੋਂ ਤੋਂ ਦੇਸ਼ ਵਿੱਚ ਭਾਜਪਾ ਸਰਕਾਰ ਆਈ ਹੈ ਉਦੋਂ ਤੋਂ ਜਿੱਥੇ ਮਹਿੰਗਾਈ, ਬੇਰੁਜ਼ਗਾਰੀ ਵਧੀ ਹੈ ਨਾਲ ਦੀ ਨਾਲ ਦੇਸ਼ ਵਿੱਚ ਫਾਸ਼ੀਵਾਦੀ ਰੁਝਾਨ ਤੇਜ਼ ਹੋਇਆ ਹੈ। ਘੱਟ ਗਿਣਤੀ ਕੌਮਾਂ, ਘੱਟ ਗਿਣਤੀ ਧਰਮਾਂ ਦੇ ਖਿਲਾਫ ਜ਼ੁਲਮਾਂ ਅਤੇ ਔਰਤਾਂ ਦੇ ਖਿਲਾਫ ਹਿੰਸਾ ਵਿੱਚ ਵੀ ਵਾਧਾ ਹੋਇਆ ਹੈ। ਜੇਕਰ ਭਾਜਪਾ ਦੁਬਾਰਾ ਸੱਤਾ ਵਿੱਚ ਆਉਂਦੀ ਹੈ ਤਾਂ ਜਿੱਥੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਇੱਥੋਂ ਦੇ ਜਲ, ਜੰਗਲ, ਜਮੀਨ ਕੌਡੀਆਂ ਦੇ ਭਾਅ ਕੀਤੇ ਜਾਣਗੇ, ਦੇਸ਼ ਦੇ ਰਹਿੰਦੇ ਜਨਤਕ ਅਦਾਰਿਆਂ ਨੂੰ ਇਹਨਾਂ ਹੱਥ ਵੇਚਿਆ ਜਾਵੇਗਾ ਉੱਥੇ ਹੀ ਦੇਸ਼ ਵਿੱਚ ਇਨਸਾਫ ਦੀ ਆਵਾਜ਼, ਲੋਕਤੰਤਰ ਅਤੇ ਸੰਵਿਧਾਨ ਨੂੰ ਖਤਰੇ ਦਰਪੇਸ਼ ਹੋਣਗੇ। ਇਸ ਕਰਕੇ ਮੌਜੂਦਾ ਸਮੇਂ ਭਾਜਪਾ ਨੂੰ ਹਰਾਉਣਾ ਬਹੁਤ ਹੀ ਜਰੂਰੀ ਹੈ।

ਆਗੂਆਂ ਨੇ ਸੱਦਾ ਦਿੱਤਾ ਕਿ ਪਿੰਡਾਂ ਵਿੱਚ ਆਉਣ ਤੇ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾਵੇ ਅਤੇ ਉਹਨਾਂ ਨੂੰ ਪਿੰਡਾਂ ਵਿੱਚ ਨਾ ਵੜਨ ਦਿੱਤਾ ਜਾਵੇ ਦੂਸਰੀਆਂ ਸੱਤਾਧਾਰੀ ਪਾਰਟੀਆਂ ਨੂੰ ਵੀ ਉਹਨਾਂ ਦੀ ਮਾੜੀ ਕਾਰਗੁਜ਼ਾਰੀ ਬਦਲੇ ਸਵਾਲ ਕੀਤੇ ਜਾਣ। ਇਸ ਮੌਕੇ ਕਿਸਾਨ ਆਗੂ ਬਲਵੀਰ ਸਿੰਘ ਕੂੰਨਰਾਂ, ਬਲਜੀਤ ਸਿੰਘ ਤੇ ਭਜਨ ਸਿੰਘ ਦੁੱਗਾਂ, ਸਿੰਦਰ ਸਿੰਘ ਕੂੰਨਰਾਂ ਵੀ ਹਾਜ਼ਰ ਸਨ।


ਸ਼੍ਰੋਮਣੀ ਅਕਾਲੀ ਦਲ
VOTE
&
SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
RAVINDER SINGH BOYAL


Star India
SWEETS AND CATERING
VEG AND NON-VEG
Entrees
DESSERTS
APPETIZERS
BEVERAGES
SIDES ETC.
RENOWNED CHEFS
HIGH QUALITY INGREDIENTS
ਵਿਆਹ - ਸ਼ਾਦੀਆਂ ਜਾਂ ਪਾਰਟੀਆਂ ਲਈ 2000 ਬੰਦਿਆਂ ਦੀ ਕੇਟਰਿੰਗ ਦਾ ਵੀ ਖਾਸ ਪ੍ਰਬੰਧ
ਦੇਸੀ ਘੀ ਦੀਆਂ ਸਵਾਦਿਸ਼ਟ ਤੇ ਤਾਜ਼ੀਆਂ ਮਠਿਆਈਆਂ ਖ਼ਾਸ ਮੌਕਿਆਂ ਲਈ
ORDERS ਤੇ ਕਰਵਾਓ ਤਿਆਰ
DINE IN AND TO GO ORDERS ALSO AVAILABLE
ਹਫ਼ਤੇ ਦੇ 7 ਤੇ ਦਿਨ ਖੁੱਲਾ : 10am-9pm
PHONE NUMBER:
(209) 629-8511, (209)858-1380
CELL ( ASHOK VERMA) (209) 681-5171
Address :- 209 E Louise Ave, Lathrop, CA , 95330


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828


ਸ਼੍ਰੋਮਣੀ ਅਕਾਲੀ ਦਲ
VOTE & SUPPORT
ਸ਼੍ਰੋਮਣੀ ਅਕਾਲੀ ਦਲ
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
SATBIR SINGH HEER

# ਕਪਿਲ ਸਿੱਬਲ ਵੱਲੋਂ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੀ ਚੋਣ ਲੜਨ ਦਾ ਐਲਾਨ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ



ਸੀਨੀਅਰ ਵਕੀਲ ਕਪਿਲ ਸਿੱਬਲ ਨੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸ.ਸੀ.ਬੀ.ਏ.) ਦੇ ਪ੍ਰਧਾਨ ਅਹੁਦੇ ਲਈ ਚੋਣ ਲੜਨ ਦਾ ਐਲਾਨ ਕੀਤਾ ਹੈ। ਸਾਬਕਾ ਕੇਂਦਰੀ ਮੰਤਰੀ ਸਿੱਬਲ ਨੇ 1995 ਅਤੇ 2002 ਦਰਮਿਆਨ ਤਿੰਨ ਵਾਰ ਐੱਸ.ਸੀ.ਬੀ. ਏ. ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਈਆਂ। ਐੱਸ.ਸੀ.ਬੀ.ਏ. ਦੇ ਆਨਰੇਰੀ ਸਕੱਤਰ ਰੋਹਿਤ ਪਾਂਡੇ ਨੇ ਕਿਹਾ ਕਿ ਸਿੱਬਲ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਸੀਨੀਅਰ ਵਕੀਲ ਆਦੀਸ਼ ਅਗਰਵਾਲ ਐੱਸ.ਸੀ.ਬੀ.ਏ. ਦੇ ਸਾਬਕਾ ਪ੍ਰਧਾਨ ਹਨ। ਸਿਖਰਲੀ ਅਦਾਲਤ ਨੇ ਪਹਿਲਾਂ ਨਿਰਦੇਸ਼ ਦਿੱਤਾ ਸੀ ਕਿ ਐੱਸ.ਸੀ.ਬੀ.ਏ. ਦੀ ਕਾਰਜਕਾਰਨੀ ਕਮੇਟੀ ਵਿਚ ਅਹੁਦੇ ਮਹਿਲਾ ਮੈਂਬਰਾਂ ਲਈ ਰਾਖਵੇਂ ਕੀਤੇ ਜਾਣ। ਐੱਸ.ਸੀ.ਬੀ.ਏ. ਚੋਣਾਂ 16 ਮਈ ਨੂੰ ਹੋਣਗੀਆਂ ਤੇ ਨਤੀਜੇ 19 ਮਈ ਨੂੰ ਐਲਾਨੇ ਜਾਣਗੇ।

# ਮਸ਼ਹੂਰ ਬਿਊਟੀ ਕੁਈਨ ਦਾ ਗੋਲੀਆਂ ਮਾਰ ਕੇ ਕਤਲ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਸਾਬਕਾ ਮਿਸ ਇਕਵਾਡੋਰ ਪ੍ਰਤੀਯੋਗੀ ਲੈਂਡੀ ਪੈਰਾਗਾ ਗੋਇਬਰੋ ਦੀ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਲੈਂਡੀ ਦੀ ਇੱਕ ਸੀ.ਸੀ.ਟੀ.ਵੀ. ਫੁਟੇਜ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ, ਜਿਸ ਵਿਚ ਉਹ ਲਾਸ ਰੀਓਸ ਸੂਬੇ ਦੇ ਇੱਕ ਸ਼ਹਿਰ ਦੇ ਇੱਕ ਰੈਸਟੋਰੈਂਟ ਵਿਚ ਨਜ਼ਰ ਆ ਰਹੀ ਸੀ। ਉਦੋਂ ਅਚਾਨਕ ਕੁਝ ਹਥਿਆਰਬੰਦ ਵਿਅਕਤੀ ਆਏ ਅਤੇ ਲੈਂਡੀ ਨੂੰ ਸ਼ਰੇਆਮ ਗੋਲੀ ਮਾਰ ਦਿੱਤੀ। ਗੋਲੀ ਲੱਗਣ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਇਹ ਖਬਰ ਆਉਂਦੇ ਹੀ ਫੈਸ਼ਨ ਜਗਤ 'ਚ ਸੋਗ ਦੇ ਬੱਦਲ ਛਾ ਗਏ।

# ਪਰਿਵਾਰ ਨੂੰ ਮਾਰਨ ਦੀ ਕੋਸ਼ਿਸ਼ ਹੇਠ ਜੇਲ੍ਹ 'ਚ ਬੰਦ ਭਾਰਤੀ ਵਿਅਕਤੀ ਦੀ ਪਤਨੀ ਨੇ ਬਦਲੇ ਬਿਆਨ





ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਕੈਲੀਫੋਰਨੀਆ ਦੇ ਪੈਸਾਡੇਨਾ ਦੇ 42 ਸਾਲਾ ਡਾ. ਧਰਮੇਸ਼ ਪਟੇਲ ਨੇ ਪਿਛਲੇ ਸਾਲ 2 ਜਨਵਰੀ, 2023 ਨੂੰ ਆਪਣੇ ਸਮੇਤ, ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਪਰਿਵਾਰ ਉਸ ਵਕਤ ਟੈਸਲਾ ਗੱਡੀ ਵਿਚ ਕਿਤੇ ਜਾ ਰਿਹਾ ਸੀ ਕਿ ਡਾ. ਧਰਮੇਸ਼ ਪਟੇਲ ਨੇ ਅਚਾਨਕ ਰਸਤੇ ਵਿਚ ਆਈ ਇਕ ਚੱਟਾਨ ਤੋਂ ਆਪਣੀ ਗੱਡੀ 250 ਫੁੱਟ ਹੇਠਾਂ ਸੁੱਟ ਦਿੱਤੀ। ਪਰ ਉਸ ਵਕਤ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਬਾਅਦ ਵਿਚ ਸੁਰੱਖਿਆ ਦਸਤਿਆਂ ਨੇ ਪਰਿਵਾਰ ਨੂੰ ਬਾਹਰ ਕੱਢਿਆ ਅਤੇ ਡਾ. ਧਰਮੇਸ਼ ਪਟੇਲ ਨੂੰ ਇਰਾਦਾ ਕਤਲ ਦੇ ਕੇਸ 'ਚ ਹਿਰਾਸਤ 'ਚ ਲੈ ਲਿਆ, ਜੋ ਕਿ ਹਾਲੇ ਤੱਕ ਵੀ ਜੇਲ੍ਹ ਵਿਚ ਹੈ।

ਹੁਣ ਉਸ ਦੀ ਪਤਨੀ ਨੇਹਾ ਪਟੇਲ ਨੇ ਅਦਾਲਤ ਵਿਚ ਆਪਣੀ ਗਵਾਹੀ ਦੌਰਾਨ ਆਪਣੇ ਬਿਆਨ ਬਦਲਦਿਆਂ ਕਿਹਾ ਕਿ ਇਹ ਕੋਈ ਕਤਲ ਦੀ ਕੋਸ਼ਿਸ਼ ਨਹੀਂ ਸੀ। ਨੇਹਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਮੇਰਾ ਪਤੀ ਮਾਨਸਿਕ ਰੋਗ ਨਾਲ ਪੀੜਤ ਹੈ, ਜਿਸ ਕਰਕੇ ਇਹ ਘਟਨਾ ਘਟੀ। ਉਸ ਨੇ ਅਦਾਲਤ ਨੂੰ ਇਹ ਵੀ ਕਿਹਾ ਕਿ ਮੈਂ ਤੇ ਮੇਰੇ ਬੱਚੇ ਡਾ. ਧਰਮੇਸ਼ ਪਟੇਲ ਤੋਂ ਬਗੈਰ ਨਹੀਂ ਰਹਿ ਸਕਦੇ। ਉਸ ਨੇ ਕਿਹਾ ਕਿ ਮਾਨਸਿਕ ਰੋਗ ਦੇ ਇਲਾਜ ਤੋਂ ਬਾਅਦ ਉਹ ਨਾਰਮਲ ਹੋ ਜਾਵੇਗਾ ਅਤੇ ਹਾਲਾਤ ਬਦਲ ਜਾਣਗੇ।

ਡਾ. ਧਰਮੇਸ਼ ਪਟੇਲ ਦੇ ਵਕੀਲਾਂ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਸ ਨੂੰ ਮਾਨਸਿਕ ਸਿਹਤ ਡਾਇਵਰਸ਼ਨ ਪ੍ਰੋਗਰਾਮ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ, ਜਿਸ ਵਿਚ ਦੋ ਸਾਲਾਂ ਦਾ ਇਲਾਜ ਸ਼ਾਮਲ ਹੈ, ਜੋਕਿ ਜੇਕਰ ਪੂਰਾ ਹੋ ਜਾਂਦਾ ਹੈ, ਅਤੇ ਉਸ ਦੇ ਦੋਸ਼ ਹਟਾ ਦਿੱਤੇ ਜਾਣ।









# GINNY BEDI LAW PC



Ginny Bedi Attorney

- ★ Immigration
- ★ Divorce
- ★ Custody and Support issues
- ★ Business Disputes
- ★ Living Trusts
- ★ Criminal Matters
- ★ Misdemeanors
- ★ DUI

ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।

255 N Market St Ste 150 San Jose CA 95110

Tel: (408) 800-0242 Fax: (408) 800-0240, Mobile: (408) 802-2501

Email: ginny@ginnybedilaw.com Web: www.ginnybedilaw.com

# PAL FILMS & PHOTO BOOKS

*All Your Photo/Videography & Post Production needs Under One Roof*



Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

**Email: palfilms@yahoo.com, palfilms925@gmail.com, www.palfilms.com**

**4007 Railroad Ave**
**Pittsburgh, CA 94565**


ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
ਜਨਰਲ ਸੁਬੇਗ ਸਿੰਘ
ਭਾਈ ਅਮਰੀਕ ਸਿੰਘ
ਸ਼ਹੀਦ ਭਾਈ ਦੀਪ ਸਿੱਧੂ
VOTE & SUPPORT
ਹਲਕਾ ਸੰਗਰੂਰ
ਹਲਕਾ ਖਡੂਰ ਸਾਹਿਬ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਸਿਮਰਨਜੀਤ ਸਿੰਘ ਮਾਨ
ਭਾਈ ਅੰਮ੍ਰਿਤਪਾਲ ਸਿੰਘ
ਜਾਰੀ ਕਰਤਾ
JB TYRES INC
24/7 MOBILE REPAIR
TRUCK AND TRAILER
• NEW / USED TYRES • BRAKES • HUBS SEAL • OIL CHANGE
TEL: 337- 513- 3544 1651 FAIRVIEW DR. CERES. CA 95307
MAHABIR SINGH
JOBANPREET SINGH


AAA
TRUCK WASH
ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ
ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ
Our Locations :-
Delhi | Merced | Madera | Santa Nella
Tracy | San Fransisco | Corning
Old Truck Stop Gemco Ripon Next to Flying J, Santos Ave ਦੇ ਉੱਤੇ
Find nearest Location & Hours
Call at 1800-405-9274 or visit our website for
credit application to open credit account with our company
ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ
Tire Shop, Repair Shop, Oil & Lube Shop available on our locations
Website:- www.aaatruckwash.com

ਸੱਦਾ ਪੱਤਰ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

## ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

### ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ

**ਸਥਾਨ:** Pooja Restaurant, 1223 Merkely Ave. West Sacramento, 95691

**ਪ੍ਰੋਗਰਾਮ**

- ਉਦਘਾਟਨ: 9.00 ਵਜੇ ਸਵੇਰੇ
- ਕਵੀ ਸੰਮੇਲਨ: 11.00 ਵਜੇ
- ਦੁਪਹਿਰ ਦਾ ਖਾਣਾ: 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ: 2.00 ਵਜੇ
- ਗੀਤ ਸੰਗੀਤ: 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ:
**ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ**

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

---

*Invitation by*

# Punjabi Sahit Sabha, California

*Sacramento/Yuba City*

*20th*

## *International Punjabi Conference*

***Place:** Pooja Restaurant, 1223 Merkely Ave. West Sacramento, 95691*

**Programme**

- Opening Ceremony: 9am
- Poetry (Kavi Sammelan): 11am
- Lunch: 1:30pm
- Discussions on Punjabi Language: 2pm
- Cultural Program: 5pm onwards.

You are cordially Invited to the International 20th Punjabi Conference of Punjabi Sahit Sabha, California to be held on May 19, 2024. Scholars of Punjabi Language and Literature will present their papers. There will be a poetry session, discussions and a Musical night. We hope you will grace the occasion with your presence.

Dalvir 'Dil' Nijjar
President
916-628-2210

*With Best Complements from*
*All Members*
*Punjabi Sahit Sabha, California*

Gurjatinder Singh Randhawa
General Secretary
916-320-9444

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

## HOPE IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

**WE CAN HELP YOU WORK AND SETTLE IN COUNTRIES WORLDWIDE ALSO**

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630**

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਪੇਕੇ ਹੁੰਦੇ ਮਾਵਾਂ ਨਾਲ਼... !

ਸੁਖਮਨੀ ਤੇ ਹਰਮਨ ਦੋਵੇਂ ਭੈਣਾਂ ਵਿਆਹੀਆਂ ਗਈਆਂ ਸਨ। ਉਹਨਾਂ ਦਾ ਸਹੁਰਿਆਂ ਤੋਂ ਸਾਲ-ਛੇ ਮਹੀਨੇ ਬਾਅਦ ਹੀ ਪੇਕਿਆਂ ਦੇ ਗੇੜਾ ਲੱਗਦਾ ਸੀ। ਉਂਝ ਤਾਂ ਉਹ ਵੀ ਆਪਣੀ ਕਬੀਲਦਾਰੀ ਵਿੱਚ ਰੁੱਝੀਆਂ ਹੋਈਆਂ ਸਨ। ਉਹਨਾਂ ਦੇ ਦੋ ਭਰਾ ਹਰਦੀਪ ਤੇ ਜਸਦੀਪ ਸਨ। ਉਹਨਾਂ ਦੀ ਬੇਬੇ ਆਪਣੇ ਜਵਾਕਾਂ ਵਿੱਚ ਪਿਆਰ ਬਣਾਈ ਰੱਖਣ ਲਈ ਕਦੇ ਵੱਡੇ ਮੁੰਡੇ ਨੂੰ ਤੇ ਕਦੇ ਛੋਟੇ ਨੂੰ ਭੈਣਾਂ ਕੋਲ਼ ਕਦੇ ਤੀਆਂ ਦਾ ਸੰਧਾਰਾ ਦੇ ਕੇ ਜਾਂ ਲੋਹੜੀ ਵੇਲੇ ਦਾ ਸੰਧਾਰਾ ਦੇ ਕੇ ਭੇਜ ਦਿੰਦੀ। ਕੁੜੀਆਂ ਦਾ ਪੇਕਿਆਂ ਤੇ ਤਾਂ ਇਹਨਾਂ ਦਿਨਾਂ ਵਿੱਚ ਹੀ ਮਾਣ ਹੁੰਦਾ ਹੈ ਜਦ ਉਹ ਸਹੁਰੇ ਘਰ ਵਿੱਚ ਆਪਣੇ ਆਪ ਨੂੰ ਵੱਡਾ ਵੱਡਾ ਸਮਝਦੀ ਹੈ। ਸੁਖਮਨੀ ਦੇ ਸਹੁਰੇ ਤਾਂ ਬਹੁਤ ਚੰਗੇ ਸਨ ਕਿਉਂਕਿ ਉਨ੍ਹਾਂ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਸੀ ਕਿ ਉਸ ਦੇ ਪੇਕੇ ਸੰਧਾਰਾ ਦੇ ਕੇ ਗਏ ਹਨ ਜਾਂ ਨਹੀਂ। ਪਰ ਹਰਮਨ ਦੇ ਸਹੁਰੇ ਤਾਂ ਪੇਕਿਆਂ ਦਾ ਨਾਂ ਲੈ ਲੈ ਕੇ ਹਰ ਵੇਲੇ ਉਸ ਨੂੰ ਨੀਵਾਂ ਦਿਖਾਉਣ ਦਾ ਮੌਕਾ ਲੱਭਦੇ ਰਹਿੰਦੇ ਸਨ। ਜਦ ਤੱਕ ਬੇਬੇ ਤਕੜੀ ਪਈ ਸੀ ਤੇ ਸਾਰੀ ਕਮਾਈ ਉਸ ਦੇ ਹੱਥ ਵਸ ਸੀ ਉਹ ਆਪ ਸਾਰਾ ਸਮਾਨ ਖ਼੍ਰੀਦ ਕੇ ਮੁੰਡਿਆਂ ਨੂੰ ਦੇ ਕੇ ਆਪਣੀਆਂ ਧੀਆਂ ਕੋਲ ਸੰਧਾਰਾ ਦੇਣ ਭੇਜ ਦਿੰਦੀ। ਪਰ ਜਿਵੇਂ ਹੀ ਬੁਢਾਪੇ ਕਾਰਨ ਉਸ ਦੀ ਸਿਹਤ ਵਿੱਚ ਦਿਨੋ ਦਿਨ ਗਿਰਾਵਟ ਆਉਣ ਲੱਗੀ ਤਾਂ ਉਸ ਨੇ ਕੁੜੀਆਂ ਨੂੰ ਵਾਰੀ ਵਾਰੀ ਫ਼ੋਨ ਕਰਕੇ ਆਖ ਦੇਣਾ," ਤੁਸੀਂ ਮੈਨੂੰ ਆ ਕੇ ਮਿਲ ਜਾਓ.... ਹੁਣ ਮੇਰੇ ਕੋਲੋਂ ਤਾਂ ਤੁਹਾਨੂੰ ਮਿਲ਼ਣ ਆਇਆ ਨੀ ਜਾਂਦਾ..... ਮੇਰੇ ਤੋਂ ਬਾਅਦ ਦੇਖੀ ਜਾਊ....!" ਦੋਵਾਂ ਭੈਣਾਂ ਨੇ ਰੱਖੜੀਆਂ ਵਾਲੇ ਦਿਨ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਜਾਣਾ ਤਾਂ ਬਹਾਨੇ ਨਾਲ ਮਾਂ ਨੂੰ ਮਿਲ਼ ਆਉਂਦੀਆਂ। ਪਰ ਭਰਾ ਤਾਂ ਉਹਨਾਂ ਨੂੰ ਕਦੇ ਮਿਲ਼ਦੇ ਹੀ ਨਹੀਂ ਸਨ ਕਿਉਂਕਿ ਉਹ ਵੀ ਆਪਣੀਆਂ ਘਰਵਾਲੀਆਂ ਨੂੰ ਲੈ ਕੇ ਉਨ੍ਹਾਂ ਦੇ ਪੇਕੇ ਗਏ ਹੁੰਦੇ ਸਨ। ਬੇਬੇ ਨੇ ਰੱਖੜੀਆਂ ਬੰਨ੍ਹਣ ਆਈਆਂ ਨੂੰ ਹੀ ਸੰਧਾਰੇ ਦਾ ਕਾਰ ਵਿਹਾਰ ਕਰ ਦੇਣਾ। ਇਸ ਤਰ੍ਹਾਂ ਦੋਵਾਂ ਭੈਣਾਂ ਨੂੰ ਕਦੇ ਮਾਪਿਆਂ ਦੀ ਕਮੀ ਮਹਿਸੂਸ ਨਹੀਂ ਹੁੰਦੀ ਸੀ।

ਇਸ ਵਾਰ ਦੇ ਸੰਧਾਰਿਆਂ ਵੇਲੇ ਬੇਬੇ ਮਰੀ ਨੂੰ ਹਜੇ ਛੇ ਮਹੀਨੇ ਹੋਏ ਸਨ, ਇਸ ਲਈ ਇਹੋ ਜਿਹਾ ਕੋਈ ਸ਼ਗਨਾਂ ਦਾ ਕਾਰ ਵਿਹਾਰ ਜਾਂ ਤਿਉਹਾਰ ਮਨਾਉਣਾ ਨਹੀਂ ਸੀ। ਉਦੋਂ ਤਾਂ ਕਿਸੇ ਨੂੰ ਵੀ ਮਹਿਸੂਸ ਨਾ ਹੋਇਆ ਕਿ ਉਹਨਾਂ ਦੇ ਪੇਕਿਆਂ ਤੋਂ ਕੋਈ ਵੀ ਕਿਉਂ ਨਹੀਂ ਆਇਆ।

ਪੇਕਿਆਂ ਦੀ ਜ਼ਮੀਨ ਤਾਂ ਦੋਵੇਂ ਭੈਣਾਂ ਆਪਣੇ ਬਾਪੂ ਦੇ ਜਿਊਂਦੇ ਜੀਅ ਹੀ ਆਪਣੇ ਭਰਾਵਾਂ ਦੇ ਨਾਂਅ ਕਰਵਾ ਆਈਆਂ ਸਨ ਕਿਉਂਕਿ ਉਹਨਾਂ ਦੇ ਮਨ ਵਿੱਚ ਨਾ ਤਾਂ ਕੋਈ ਲਾਲਚ ਸੀ ਤੇ ਨਾ ਹੀ ਕੋਈ ਖੋਟ ਸੀ। ਉਂਝ ਜਦੋਂ ਬਾਪੂ ਮਰੇ ਤੋਂ ਬਾਅਦ ਤਹਿਸੀਲਦਾਰ ਨੇ ਉਹਨਾਂ ਨੂੰ ਬੁਲਾ ਕੇ ਉਹਨਾਂ ਦੇ ਬਿਆਨ ਲਏ ਸਨ ਤਾਂ ਵੀ ਦੋਵੇਂ ਭੈਣਾਂ ਨੇ ਕਹਿ ਦਿੱਤਾ ਸੀ ਕਿ ਉਹ ਆਪਣੀ ਮਰਜ਼ੀ ਨਾਲ ਆਪਣੇ ਭਰਾਵਾਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਦੇ ਰਹੀਆਂ ਹਨ। ਉਦੋਂ ਭਰਾ ਵੀ ਤਹਿਸੀਲਦਾਰ ਸਾਹਮਣੇ ਬੜੇ ਸ਼ਰੀਫ਼ ਬਣੇ ਖੜ੍ਹੇ ਸਨ ਤੇ ਆਖ ਰਹੇ ਸਨ ਕਿ ਉਹ ਸਾਰੇ ਦਿਨ-ਤਿਹਾਰਾਂ ਤੇ ਆਪਣੀਆਂ ਭੈਣਾਂ ਦੇ ਘਰ ਆਇਆ ਜਾਇਆ ਕਰਨਗੇ।

ਸੁਖਮਨੀ ਤੇ ਹਰਮਨ ਦੀ ਬੇਬੇ ਮਰੀ ਨੂੰ ਦੂਜਾ ਵਰ੍ਹਾ ਲੰਘ ਗਿਆ ਸੀ ਪਰ ਪੇਕਿਆਂ ਤੋਂ ਕਿਸੇ ਨੇ ਮਿਲਣ ਤਾਂ ਕੀ ਆਉਣਾ ਸੀ,ਕੋਈ ਫ਼ੋਨ ਵੀ ਨਹੀਂ ਕਰਦਾ ਸੀ। ਜੇ ਕਿਤੇ ਉਹ ਆਪਣੇ ਘਰਦਿਆਂ ਤੋਂ ਚੋਰੀ ਫ਼ੋਨ ਕਰਦੀਆਂ ਵੀ ਤਾਂ ਕਦੇ ਕੋਈ ਫੋਨ ਚੁੱਕਦਾ ਨਾ ਜਾਂ ਫਿਰ ਬਹਾਨਾ ਲੱਭ ਕੇ ਕਿਸੇ ਨਾ ਕਿਸੇ ਗੱਲੋਂ ਲੜ ਪੈਂਦੇ ਤੇ ਆਖ ਦਿੰਦੇ," ਹਾਂ.... ਹਾਂ.... ਸਾਨੂੰ ਸਭ ਪਤਾ ਕਿਉਂ ਸਾਡੀ ਯਾਦ ਆਉਂਦੀ ਐ..... ਪੈਸੇ ਤੇ ਅੱਖ ਰੱਖੀ ਹੋਈ ਹੈ..... ਅਸੀਂ ਸਾਰੀ ਉਮਰ ਤੁਹਾਨੂੰ ਈ ਲੁਟਾਈ ਜਾਈਏ..... ਸਾਡੀਆਂ ਆਪਣੀਆਂ ਕਬੀਲਦਾਰੀਆਂ ਵੀ ਤਾਂ ਅਸੀਂ ਦੇਖਣੀਆਂ ਨੇ....ਸਾਰੀ ਉਮਰ ਸਾਡੀ ਮਾਂ ਨੇ ਤੁਹਾਨੂੰ ਬਥੇਰਾ ਲੁਟਾਇਆ..... ਹੁਣ ਓਹੀ ਕੁਛ ਤੁਸੀਂ ਸਾਡੇ ਤੋਂ ਭਾਲ਼ਦੀਆਂ.....।" ਮੁੜ ਕੇ ਤਾਂ ਉਹਨਾਂ ਨੇ ਫ਼ੋਨ ਕਰਨੇ ਵੀ ਛੱਡ ਦਿੱਤੇ। ਇੱਕ ਦੋ ਵਾਰ ਮਿਲ਼ਣ ਗਈਆਂ ਦੀ ਵੀ ਉਹਨਾਂ ਨੇ ਇਵੇਂ ਹੀ ਦੋਹਾਂ ਭੈਣਾਂ ਦੀ ਲਾਹ ਪੱਤ ਕੀਤੀ ਸੀ। ਸੁਖਮਨੀ ਦੇ ਘਰਵਾਲਿਆਂ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਸੀ ਪਰ ਹਰਮਨ ਦੇ ਸਹੁਰੇ ਉਸ ਨੂੰ ਮੌਕਾ ਲੱਗਦੇ ਮਿਹਣੇ ਮਾਰ ਹੀ ਦਿੰਦੇ। ਦੋਵੇਂ ਭੈਣਾਂ ਸਾਰਿਆਂ ਤੋਂ ਚੋਰੀ ਚੋਰੀ ਆਪਸ ਵਿੱਚ ਫ਼ੋਨ ਤੇ ਇੱਕ ਦੂਜੇ ਨਾਲ ਢਿੱਡ ਫਰੋਲ ਲੈਂਦੀਆਂ। ਬੇਬੇ ਮਰੀ ਤੋਂ ਬਾਅਦ ਦੋ ਸੰਧਾਰੇ ਲੰਘ ਗਏ ਸਨ। ਸਣਉਣ ਦੇ ਮਹੀਨੇ ਹਰਮਨ ਬਹੁਤ ਉਦਾਸ ਜਿਹੀ ਬੈਠੀ ਆਪਣੀ ਮਾਂ ਨੂੰ ਯਾਦ ਕਰ ਰਹੀ ਸੀ ਕਿ ਅਚਾਨਕ ਗੇਟ ਵਿੱਚ ਗੱਡੀ ਆ ਕੇ ਰੁਕੀ। ਉਸ ਨੇ ਦੇਖਿਆ ਤਾਂ ਸੁਖਮਨੀ ਆਪਣੇ ਪਰਿਵਾਰ ਨਾਲ਼ ਉਸ ਨੂੰ ਮਿਲ਼ਣ ਆਈ ਸੀ। ਉਹ ਦੇਖ਼ ਕੇ ਬਹੁਤ ਖੁਸ਼ ਹੋਈ। ਸਾਰਾ ਦਿਨ ਉਸ ਕੋਲ ਰਹਿ ਕੇ, ਹੱਸ ਖੇਡ ਕੇ ਜਦੋਂ ਸੁਖਮਨੀ ਜਾਣ ਲੱਗੀ ਤਾਂ ਗੱਡੀ ਵਿੱਚੋਂ ਬਿਸਕੁਟਾਂ ਦਾ ਪੀਪਾ ਤੇ ਸੂਟ ਉਸ ਨੂੰ ਦੇ ਕੇ ਆਖਣ ਲੱਗੀ," ਇਹ ਤੇਰਾ ਸੰਧਾਰਾ ਹੈ..... ਫਿਰ ਕੀ ਹੋਇਆ ਜੇ ਬੇਬੇ ਨਹੀਂ ਰਹੀ...... ਬੇਬੇ ਨਾਲ਼ ਰੀਤ ਤਾਂ ਨੀਂ ਮਰੀ..... ਮੈਂ ਵੀ ਤਾਂ ਉਸੇ ਦੀ ਧੀ ਆਂ...... ਅੱਜ ਤੋਂ ਪੇਕਿਆਂ ਵਾਲੇ ਸਾਰੇ ਕਾਰ ਵਿਹਾਰ ਮੈਂ ਕਰੂੰਗੀ..... ਤੂੰ ਉਦਾਸ ਨਾ ਹੋਈਂ.....!" ਇਹ ਕਹਿ ਕੇ ਛੋਟੀ ਭੈਣ ਦੇ ਗਲ਼ੇ ਲੱਗ ਕੇ ਮਿਲਦੀ ਹੈ ਤੇ ਦੋਵਾਂ ਦੀਆਂ ਅੱਖਾਂ ਵਿੱਚ ਮਾਂ ਨੂੰ ਯਾਦ ਕਰਕੇ ਅੱਥਰੂ ਆ ਜਾਂਦੇ ਹਨ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.
(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


VOTE & SUPPORT
aap
AAM AADMI PARTY
ਆਪ
ਆਮ ਆਦਮੀ ਪਾਰਟੀ
ਆਮ ਆਦਮੀ ਪਾਰਟੀ
ਫਿਰੋਜ਼ਪੁਰ
ਜਗਦੀਪ ਸਿੰਘ ਕਾਕਾ ਬਰਾੜ
ਗੁਰਦਾਸਪੁਰ
ਅਮਨ ਸ਼ੇਰ ਕਲਸੀ (ਸ਼ੈਰੀ ਕਲਸੀ)
ਜਲੰਧਰ SC
ਪਵਨ ਕੁਮਾਰ ਟੀਨੂੰ
ਲੁਧਿਆਣਾ
ਅਸ਼ੋਕ ਪਰਾਸ਼ਰ ਪੱਪੀ
ਆਨੰਦਪੁਰ ਸਾਹਿਬ
ਮਾਲਵਿੰਦਰ ਸਿੰਘ ਕੰਗ
ਹੁਸ਼ਿਆਰਪੁਰ
ਡਾ.ਰਾਜਕੁਮਾਰ ਚੱਬੇਵਾਲ
ਅੰਮ੍ਰਿਤਸਰ
ਕੁਲਦੀਪ ਧਾਲੀਵਾਲ
ਖਡੂਰ ਸਾਹਿਬ
ਲਾਲਜੀਤ ਭੁੱਲਰ
ਫਤਿਹਗੜ੍ਹ ਸਾਹਿਬ
ਗੁਰਪ੍ਰੀਤ ਸਿੰਘ ਜੀ.ਪੀ.
ਫਰੀਦਕੋਟ
ਕਰਮਜੀਤ ਅਨਮੋਲ
ਬਠਿੰਡਾ
ਗੁਰਮੀਤ ਸਿੰਘ ਖੁੱਡੀਆਂ
ਸੰਗਰੂਰ
ਗੁਰਮੀਤ ਸਿੰਘ ਮੀਤ ਹੇਅਰ
ਪਟਿਆਲਾ
ਡਾ. ਬਲਬੀਰ ਸਿੰਘ
ਜਾਰੀ ਕਰਤਾ
GULINDER GILL


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · Feel the difference BARKLEY · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਪੈਸਾ

ਨਿਰਧਨ ਕੋਲ ਪੈਸਾ ਨਹੀਂ ਹੁੰਦਾ, ਔਖ 'ਚ ਸਮਾਂ ਬਿਤਾਉਂਦਾ।
ਧਨੀ ਬੰਦਾ ਹੋਰ ਪੈਸੇ ਲਈ, ਰਾਤੀਂ ਉਠ-ਉਠ ਬਹਿੰਦਾ।
ਜੀਵਨ ਕੱਟਣ ਦੇ ਲਈ ਹੋਵੇ, ਪੈਸਾ ਬਹੁਤ ਜ਼ਰੂਰੀ।
ਜੇਬ 'ਚ ਜੇ ਪੈਸਾ ਨਾ ਹੋਵੇ, ਗੱਲ ਨਾ ਹੁੰਦੀ ਪੂਰੀ।
ਨਾ ਤਾਂ ਪੈਸਾ ਏਨਾ ਹੋਵੇ, ਪਾਣੀ ਵਾਂਗ ਵਹਾਈਏ।
ਏਨਾ ਵੀ ਇਹ ਘੱਟ ਨਾ ਹੋਵੇ, ਹਰ ਵੇਲੇ ਪਛਤਾਈਏ।
ਚੋਰਾਂ, ਰਿਸ਼ਵਤਖੋਰਾਂ ਕੋਲੇ, ਧਨ ਦੀ ਕਮੀ ਨਾ ਹੋਵੇ।
ਮਾਇਆਧਾਰੀ ਬੰਦਾ ਹਰਦਮ, ਚੈਨ-ਅਰਾਮ ਨੂੰ ਖੋਵੇ।
ਧਨ ਤੇ ਦੌਲਤ ਵਾਲੇ ਬੰਦੇ, ਹੁੰਦੇ ਅੰਨ੍ਹੇ ਬੋਲੇ।
ਅਕਸਰ ਮਾਇਆਧਾਰੀ ਪਾਉਂਦੇ, ਤਨ ਤੇ ਚਿੱਟੇ ਚੋਲੇ।
ਨਿਰਧਨ ਅਤੇ ਅਮੀਰ ਦੋਵੇਂ ਹੀ, ਸੋਚਣ ਪੈਸੇ ਬਾਰੇ।
ਦੋਵੇਂ ਦੁਨੀਆਂ ਵਿੱਚ ਆ ਕੇ ਵੀ, ਲੈ ਨਾ ਸਕਣ ਨਜ਼ਾਰੇ।
ਧਰਮ-ਜਗਤ ਵਿੱਚ ਪੈਸੇ ਨੂੰ, ਆਖਣ ਮੋਹ ਤੇ ਮਾਇਆ।
ਇਹਦੇ ਵੱਸ 'ਚ ਸਭ ਨੇ ਆ ਕੇ, ਦੀਨ ਤੇ ਦੁਨੀਂ ਗਵਾਇਆ।
ਨਾ ਧਨ ਥੋੜ੍ਹਾ ਚੰਗਾ ਹੋਵੇ, ਨਾ ਚੰਗਾ ਹੈ ਬਹੁਤਾ।
ਜੋ ਇਹਤੋਂ ਨਿਰਲੇਪ ਹੈ ਰਹਿੰਦਾ, ਉਹ ਹੀ ਪਾਂਧੀ ਪਹੁਤਾ।



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਹਕੀਕਤ

*-ਗੁਰਦੁਆਰੇ, ਧਾਰਮਿਕ ਜੀਵਨ ਦਾ ਕੇਂਦਰ, ਗੁਰ-ਉਪਦੇਸ਼ ਦੇ ਸੋਮੇ, ਸਮਾਜ ਸੇਵਾ ਤੇ ਸਾਂਝੇ ਪੰਥਕ ਵਿਚਾਰ ਵਿਟਾਂਦਰੇ ਦਾ ਗੜ੍ਹ, ਵਿਦਿਆਰਥੀਆਂ ਲਈ ਵਿਦਿਆਲਾ, ਰੋਗੀਆਂ ਲਈ ਦਵਾ ਘਰ, ਰਾਹੀਆਂ ਤੇ ਮੁਸਾਫਰਾਂ ਲਈ ਬਿਸ਼ਰਾਮ ਘਰ, ਭੁੱਖਿਆਂ ਲਈ ਲੋੜੀਂਦੀ ਖੁਰਾਕ ਦਾ ਇੰਤਜਾਮ ਭਾਵ ਕੇ ਗੁਰੂ ਕੇ ਲੰਗਰ, ਵਿਆਹ ਸਾਂਦੀ ਤੇ ਖੁਸ਼ੀ ਗਮੀ ਦੇ ਮੌਕਿਆਂ ਤੇ ਇਕੱਠੇ ਹੋਣ ਦਾ ਸਮਾਜਿਕ ਕੇਂਦਰ ਹਨ।

*-ਆਪਣੇ ਅੰਦਰ ਦੀ ਸੋਚ ਨੂੰ ਸਾਫ਼ ਰੱਖੋ ਕਿਉਂਕਿ ਕਿਸ਼ਤੀ ਬਾਹਰ ਦੇ ਪਾਣੀ ਨਾਲ ਨਹੀਂ ਅੰਦਰ ਦੇ ਪਾਣੀ ਨਾਲ ਡੁੱਬਦੀ ਹੈ।

*-ਕੌਮਾਂ ਆਪਣੇ ਇਤਿਹਾਸ ਤੇ ਰਵਾਇਤਾਂ ਦੀ ਰੌਸ਼ਨੀ ਚ ਹੀ ਆਪਣਾ ਭਵਿੱਖ ਬਣਾ ਸਕਦੀਆਂ ਹਨ।

*-ਜਿਸ ਕੌਮ ਕੋਲ ਸ਼ਾਨਦਾਰ ਰਵਾਇਤਾਂ ਦਾ ਇਤਿਹਾਸ ਹੋਵੇ ਪਰ ਆਪਣਾ ਮੁਲਕ ਨਾ ਹੋਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਦੇ ਲੀਡਰ ਗਦਾਰੀਆਂ ਦੇ ਰਾਹ ਪੈ ਗਏ ਹਨ।

*-ਹਿੰਦੋਸਤਾਨੀ, ਸਾਡੀ ਗੁਲਾਮੀ ਦੀ ਮਜ਼ਬੂਰੀ ਦਾ ਨਜ਼ਾਇਜ ਫ਼ਾਇਦਾ ਉਠਾਂਦਿਆਂ ਸਾਡੇ ਕੌਮੀ ਸਰੂਪ ਨੂੰ ਮਿਟਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਕਰਦਾ ਆ ਰਿਹਾ ਹੈ।

*-ਇਹ ਜ਼ਰੂਰੀ ਨਹੀਂ ਕਿ ਰਾਜ ਸਤਾ ਹਜ਼ਾਰਾਂ ਜਾਂ ਲੱਖਾਂ ਮੀਲਾਂ ਦੇ ਰਕਬੇ ਚ ਹੋਵੇ ਜਾਂ ਕਰੋੜਾਂ ਲੋਕਾਂ ਦੀ ਵਸੋਂ ਤੇ ਆਧਾਰਤ ਹੋਵੇ।

*-ਜਾਪਾਨ ਰਕਬੇ ਅਤੇ ਵਸੋਂ ਵਜੋਂ ਇਕ ਬਹੁਤ ਛੋਟਾ ਮੁਲਕ ਹੈ ਪ੍ਰੰਤੂ ਆਰਥਕ ਤੌਰ ਤੇ ਦੁਨੀਆਂ ਦੀਆਂ ਸਾਰੀਆਂ ਵੱਡੀਆਂ ਤਾਕਤਾਂ ਅਮਰੀਕਾ, ਰੂਸ, ਚੀਨ, ਫਰਾਂਸ, ਇੰਗਲੈਂਡ, ਕੈਨੇਡਾ ਆਦਿ ਨੂੰ ਪਛਾੜ ਚੁੱਕਾ ਹੈ।

*-ਪੋਪ ਦਾ ਰਾਜ ਭਾਵੇਂ ਪੰਜ ਸੱਤ ਏਕੜ ਜ਼ਮੀਨ ਤਕ ਹੀ ਸੀਮਤ ਹੈ ਪ੍ਰੰਤੂ ਉਸਦੇ ਸਾਰੀ ਦੁਨੀਆਂ ਦੇ ਮੁਲਕਾਂ ਨਾਲ ਆਪਣੇ ਸੁੰਤਤਰ ਸਬੰਧ ਹਨ।

*-ਖਾਲਸਾ ਵਿਸ਼ਵਾਸੀ ਹੈ ਭਰਮੀ ਨਹੀਂ, ਇਹ ਦ੍ਰਿੜਚਿੱਤ ਹੈ ਡਾਵਾਂਡੋਲ ਨਹੀਂ।



Paramjit Singh Sekhon (Dakha)
President, Dal Khalsa Alliance
1700 Shattuck Ave, # 303 Berkeley CA 94709. (510)774 5909.
A Nonprofit Organization Dedicated to Public Awareness

LARRY T. NIERMEYER
Attorney at Law

OFFERING SERVICES IN THE FOLLOWING AREAS


1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation
PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


aap
AAM AADMI PARTY
VOTE & SUPPORT
ਆਪ
ਆਮ ਆਦਮੀ ਪਾਰਟੀ
ਆਮ ਆਦਮੀ ਪਾਰਟੀ
ਫਿਰੋਜ਼ਪੁਰ
ਜਗਦੀਪ ਸਿੰਘ ਕਾਕਾ ਬਰਾੜ
ਗੁਰਦਾਸਪੁਰ
ਅਮਨ ਸ਼ੇਰ ਕਲਸੀ (ਸ਼ੈਰੀ ਕਲਸੀ)
ਜਲੰਧਰ SC
ਪਵਨ ਕੁਮਾਰ ਟੀਨੂੰ
ਲੁਧਿਆਣਾ
ਅਸ਼ੋਕ ਪਰਾਸ਼ਰ ਪੱਪੀ
ਆਨੰਦਪੁਰ ਸਾਹਿਬ
ਮਾਲਵਿੰਦਰ ਸਿੰਘ ਕੰਗ
ਹੁਸ਼ਿਆਰਪੁਰ
ਡਾ.ਰਾਜਕੁਮਾਰ ਚੱਬੇਵਾਲ
ਅੰਮ੍ਰਿਤਸਰ
ਕੁਲਦੀਪ ਧਾਲੀਵਾਲ
ਖਡੂਰ ਸਾਹਿਬ
ਲਾਲਜੀਤ ਭੁੱਲਰ
ਫਤਿਹਗੜ੍ਹ ਸਾਹਿਬ
ਗੁਰਪ੍ਰੀਤ ਸਿੰਘ ਜੀ.ਪੀ.
ਫਰੀਦਕੋਟ
ਕਰਮਜੀਤ ਅਨਮੋਲ
ਬਠਿੰਡਾ
ਗੁਰਮੀਤ ਸਿੰਘ ਖੁੱਡੀਆਂ
ਸੰਗਰੂਰ
ਗੁਰਮੀਤ ਸਿੰਘ ਮੀਤ ਹੇਅਰ
ਪਟਿਆਲਾ
ਡਾ. ਬਲਬੀਰ ਸਿੰਘ
ਜਾਰੀ ਕਰਤਾ
GURDEEP GILL


GLOBAL DEFENCE SCHOOL PATIALA
A Unique Boarding School Of Patiala
with Largest Campus
GLOBAL DEFENCE SCHOOL
AIM FOR EXCELLENCE
GLOBAL DEFENCE SCHOOL
Choose to shine LIKE THE RISING SUN.
ADMISSIONS
SESSION 2024-25 OPEN
Nursery to 7th
CBSE PATTERN
" THE BEST CHOICE FOR YOUR KIDS"
Enroll Now
Day Cum Residential School
+91 9872601534, +91 9023433311
admission@globaldefenceschool.com
Nabha-Patiala Road, Rakhra Pincode 147201

# ਦਿਹਾਤੀ ਵਿਦਿਆਰਥੀਆਂ ਨੂੰ ਡਿਜੀਟਲ ਵੰਡ ਨੂੰ ਪਾਰ ਕਰਨ ਵਿੱਚ ਮਦਦ ਕਰਨ ਦੀ ਲੋੜ ਹੈ

ਡਿਜੀਟਲ ਵੰਡ ਨੂੰ ਪੂਰਾ ਕਰਨ ਲਈ ਇੱਕ ਬਹੁਪੱਖੀ ਪਹੁੰਚ ਦੀ ਲੋੜ ਹੁੰਦੀ ਹੈ ਜੋ ਇੱਕੋ ਸਮੇਂ ਬੁਨਿਆਦੀ ਢਾਂਚੇ, ਪਹੁੰਚਯੋਗਤਾ ਅਤੇ ਵਿਦਿਅਕ ਸਹਾਇਤਾ ਦੇ ਮੁੱਦਿਆਂ ਨੂੰ ਹੱਲ ਕਰਦਾ ਹੈ। ਹਾਲਾਂਕਿ ਡਿਜੀਟਲ ਕ੍ਰਾਂਤੀ ਬਹੁਤ ਸਾਰੇ ਸਰੋਤਾਂ ਅਤੇ ਮੌਕਿਆਂ ਦੀ ਪੇਸ਼ਕਸ਼ ਕਰਦੀ ਹੈ, ਇਸ ਨੇ ਜ਼ਿਆਦਾਤਰ ਪੇਂਡੂ ਖੇਤਰਾਂ ਨੂੰ ਬਾਈਪਾਸ ਕਰ ਦਿੱਤਾ ਹੈ ਜਿੱਥੇ ਬਿਜਲੀ ਅਤੇ ਇੰਟਰਨੈਟ ਕਨੈਕਟੀਵਿਟੀ ਵਰਗੀਆਂ ਬੁਨਿਆਦੀ ਸਹੂਲਤਾਂ ਸੀਮਤ ਹਨ।ਭਾਰਤ ਵਿੱਚ, ੰਓਠ ਅਤੇ ਝਓਓ ਪ੍ਰੀਖਿਆਵਾਂ ਉਹਨਾਂ ਵਿਦਿਆਰਥੀਆਂ ਲਈ ਮਹੱਤਵਪੂਰਨ ਹਨ ਜੋ ਕ੍ਰਮਵਾਰ ਮੈਡੀਸਨ ਅਤੇ ਇੰਜੀਨੀਅਰਿੰਗ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਹਾਲਾਂਕਿ, ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਲਈ, ਡਿਜੀਟਲ ਪਾੜਾ ਇੱਕ ਜ਼ਬਰਦਸਤ ਚੁਣੌਤੀ ਪੇਸ਼ ਕਰਦਾ ਹੈ, ਮੌਜੂਦਾ ਵਿਦਿਅਕ ਅਸਮਾਨਤਾਵਾਂ ਨੂੰ ਵਧਾਉਂਦਾ ਹੈ। ਸਾਰੇ ਵਿਦਿਆਰਥੀਆਂ ਲਈ ਇੱਕ ਪੱਧਰੀ ਖੇਡ ਦਾ ਮੈਦਾਨ ਅਤੇ ਸਿੱਖਿਆ ਤੱਕ ਬਰਾਬਰ ਪਹੁੰਚ ਯਕੀਨੀ ਬਣਾਉਣ ਲਈ ਇਸ ਨਾਲ ਨਜਿੱਠਣਾ ਹੋਵੇਗਾ।

ਸਮੱਸਿਆ

ਹਾਲਾਂਕਿ ਡਿਜੀਟਲ ਕ੍ਰਾਂਤੀ ਬਹੁਤ ਸਾਰੇ ਸਰੋਤਾਂ ਅਤੇ ਮੌਕਿਆਂ ਦੀ ਪੇਸ਼ਕਸ਼ ਕਰਦੀ ਹੈ, ਇਸ ਨੇ ਜ਼ਿਆਦਾਤਰ ਪੇਂਡੂ ਖੇਤਰਾਂ ਨੂੰ ਬਾਈਪਾਸ ਕਰ ਦਿੱਤਾ ਹੈ ਜਿੱਥੇ ਬਿਜਲੀ ਅਤੇ ਇੰਟਰਨੈਟ ਕਨੈਕਟੀਵਿਟੀ ਵਰਗੀਆਂ ਬੁਨਿਆਦੀ ਸਹੂਲਤਾਂ ਸੀਮਤ ਹਨ। ਇਹ ਅਤੇ ਉਪਕਰਨਾਂ ਦੀ ਘਾਟ ਵਿਦਿਆਰਥੀਆਂ ਦੀ ਔਨਲਾਈਨ ਲਰਨਿੰਗ ਪਲੇਟਫਾਰਮਾਂ ਨਾਲ ਜੁੜਨ, ਅਧਿਐਨ ਸਮੱਗਰੀ ਤੱਕ ਪਹੁੰਚ ਕਰਨ, ਅਤੇ ਮੌਕ ਟੈਸਟਾਂ ਵਿੱਚ ਹਿੱਸਾ ਲੈਣ ਦੀ ਸਮਰੱਥਾ ਵਿੱਚ ਰੁਕਾਵਟ ਪਾਉਂਦੀ ਹੈ। ਇਸ ਤੋਂ ਇਲਾਵਾ, ਨਾਕਾਫ਼ੀ ਬੁਨਿਆਦੀ ਢਾਂਚਾ ਅਤੇ ਨਾਕਾਫ਼ੀ ਅਧਿਆਪਕ ਸਿਖਲਾਈ ਪੇਂਡੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਹਿਰੀ ਹਮਰੁਤਬਾ ਦੇ ਮੁਕਾਬਲੇ ਇੱਕ ਮਹੱਤਵਪੂਰਨ ਨੁਕਸਾਨ ਵਿੱਚ ਛੱਡ ਦਿੰਦੀ ਹੈ। ਨਤੀਜੇ ਡੂੰਘੇ ਹਨ. ਪੇਂਡੂ ਵਿਦਿਆਰਥੀ ਅਕਸਰ ਵਿਕਸਤ ਹੋ ਰਹੇ ਪਾਠਕ੍ਰਮ ਨਾਲ ਤਾਲਮੇਲ ਰੱਖਣ ਲਈ ਸੰਘਰਸ਼ ਕਰਦੇ ਹਨ ਜਿਸ ਨਾਲ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਹਾਸ਼ੀਏ 'ਤੇ ਰੱਖਿਆ ਜਾਂਦਾ ਹੈ ਅਤੇ ਉੱਚ ਸਿੱਖਿਆ ਅਤੇ ਪੇਸ਼ੇਵਰ ਖੇਤਰਾਂ ਵਿੱਚ ਗਰੀਬੀ ਅਤੇ ਘੱਟ ਨੁਮਾਇੰਦਗੀ ਦੇ ਚੱਕਰ ਨੂੰ ਜਾਰੀ ਰੱਖਿਆ ਜਾਂਦਾ ਹੈ।

ਮੁੱਦੇ ਨੂੰ ਸੰਬੋਧਿਤ ਕਰਨ ਲਈ ਇੱਕ ਬਹੁਪੱਖੀ ਪਹੁੰਚ ਦੀ ਲੋੜ ਹੁੰਦੀ ਹੈ ਜੋ ਇੱਕੋ ਸਮੇਂ ਬੁਨਿਆਦੀ ਢਾਂਚੇ, ਪਹੁੰਚਯੋਗਤਾ ਅਤੇ ਵਿਦਿਅਕ ਸਹਾਇਤਾ ਨੂੰ ਸੰਬੋਧਿਤ ਕਰਦਾ ਹੈ। ਸਭ ਤੋਂ ਪਹਿਲਾਂ ਬ੍ਰਾਡਬੈਂਡ ਕਨੈਕਟੀਵਿਟੀ ਦਾ ਵਿਸਤਾਰ ਕਰਕੇ ਅਤੇ ਸਕੂਲਾਂ ਨੂੰ ਕੰਪਿਊਟਰ ਅਤੇ ਟੈਬਲੇਟ ਵਰਗੇ ਢੁਕਵੇਂ ਸਰੋਤ ਪ੍ਰਦਾਨ ਕਰਕੇ ਮਜ਼ਬੂਤ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਦੀ ਤੁਰੰਤ ਲੋੜ ਹੈ। ਸਰਕਾਰੀ ਪਹਿਲਕਦਮੀਆਂ ਅਤੇ ਜਨਤਕ-ਨਿੱਜੀ ਭਾਈਵਾਲੀ ਇਸ ਪਾੜੇ ਨੂੰ ਪੂਰਾ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ ਕਿ ਕੋਈ ਵੀ ਵਿਦਿਆਰਥੀ ਤਕਨਾਲੋਜੀ ਤੱਕ ਪਹੁੰਚ ਦੀ ਘਾਟ ਕਾਰਨ ਪਿੱਛੇ ਨਾ ਰਹੇ।

ਦੂਸਰਾ, ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਨੂੰ ਔਨਲਾਈਨ ਲਰਨਿੰਗ ਪਲੇਟਫਾਰਮਾਂ 'ਤੇ ਨੈਵੀਗੇਟ ਕਰਨ ਅਤੇ ਡਿਜੀਟਲ ਸਰੋਤਾਂ ਦਾ ਪ੍ਰਭਾਵੀ ਢੰਗ ਨਾਲ ਲਾਭ ਉਠਾਉਣ ਲਈ ਲੋੜੀਂਦੇ ਹੁਨਰਾਂ ਨਾਲ ਸਮਰੱਥ ਬਣਾਉਣ ਲਈ ਵਿਆਪਕ ਡਿਜੀਟਲ ਸਾਖਰਤਾ ਪ੍ਰੋਗਰਾਮ ਲਾਗੂ ਕੀਤੇ ਜਾਣੇ ਚਾਹੀਦੇ ਹਨ। ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕਰਨਾ ਪੇਂਡੂ ਸਿੱਖਿਅਕਾਂ ਨੂੰ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਵਿਦਿਆਰਥੀਆਂ ਲਈ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਣ ਵਿੱਚ ਮਦਦ ਕਰੇਗਾ।

ਇਸ ਤੋਂ ਇਲਾਵਾ, ਪੇਂਡੂ ਵਿਦਿਆਰਥੀਆਂ ਦੀਆਂ ਖਾਸ ਲੋੜਾਂ ਅਤੇ ਸੱਭਿਆਚਾਰਕ ਸੰਦਰਭਾਂ ਨੂੰ ਪੂਰਾ ਕਰਨ ਵਾਲੀ ਸਮੱਗਰੀ ਨੂੰ ਵਿਕਸਤ ਕਰਨ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਹ ਸਥਾਨਿਕ ਅਤੇ ਖੇਤਰ ਦੀ ਭਾਸ਼ਾ ਵਿੱਚ ਹੋਣੇ ਚਾਹੀਦੇ ਹਨ। ਵਿਦਿਅਕ ਸਮੱਗਰੀ ਨੂੰ ਵਧੇਰੇ ਪਹੁੰਚਯੋਗ ਅਤੇ ਸੰਬੰਧਿਤ ਬਣਾ ਕੇ, ਅਸੀਂ ਪੇਂਡੂ ਸਿਖਿਆਰਥੀਆਂ ਵਿੱਚ ਵਧੇਰੇ ਸ਼ਮੂਲੀਅਤ ਅਤੇ ਸਿੱਖਣ ਦੇ ਨਤੀਜਿਆਂ ਨੂੰ ਵਧਾ ਸਕਦੇ ਹਾਂ।

ਇਸ ਤੋਂ ਇਲਾਵਾ, ਪਹਿਲਕਦਮੀਆਂ ਜਿਵੇਂ ਕਿ ਮੋਬਾਈਲ ਲਰਨਿੰਗ ਲੈਬ ਅਤੇ ਕਮਿਊਨਿਟੀ ਦੁਆਰਾ ਚਲਾਏ ਜਾਣ ਵਾਲੇ ਸਿਖਲਾਈ ਕੇਂਦਰ ਪੇਂਡੂ ਵਿਦਿਆਰਥੀਆਂ ਲਈ ਕੀਮਤੀ ਸਰੋਤਾਂ ਵਜੋਂ ਕੰਮ ਕਰ ਸਕਦੇ ਹਨ, ਇੱਕ ਅਨੁਕੂਲ ਮਾਹੌਲ ਵਿੱਚ ਤਕਨਾਲੋਜੀ ਅਤੇ ਵਿਦਿਅਕ ਸਹਾਇਤਾ ਤੱਕ ਪਹੁੰਚ ਪ੍ਰਦਾਨ ਕਰਦੇ ਹਨ। ਸਿੱਖਿਆ ਦਾ ਵਿਕੇਂਦਰੀਕਰਨ ਕਰਕੇ ਅਤੇ ਇਸ ਨੂੰ ਜ਼ਮੀਨੀ ਪੱਧਰ ਦੇ ਨੇੜੇ ਲਿਆ ਕੇ ਪੇਂਡੂ ਭਾਈਚਾਰਿਆਂ ਨੂੰ ਸਸ਼ਕਤ ਬਣਾਇਆ ਜਾ ਸਕਦਾ ਹੈ।

ਇਹ ਯਕੀਨੀ ਬਣਾਉਣਾ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਹਰੇਕ ਵਿਦਿਆਰਥੀ ਕੋਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਅਤੇ ਭਾਰਤ ਦੇ ਨੌਜਵਾਨਾਂ ਦੀ ਪੂਰੀ ਸਮਰੱਥਾ ਨੂੰ ਅਨਲੌਕ ਕਰਨ ਦਾ ਬਰਾਬਰ ਮੌਕਾ ਹੈ, ਭਾਵੇਂ ਉਹ ਭੂਗੋਲਿਕ ਸਥਿਤੀ ਜਾਂ ਸਮਾਜਿਕ-ਆਰਥਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ



ARES
LENDING
Residential | Commercial | Investment



# ਆਪਣਾ ਘਰ Re-Finance ਜਾਂ ਖ਼ਰੀਦਣਾ

**Business ਲੈਣਾ ਜਾਂ Re-Finance ਕਰਨਾ, Working Capital ਲੈਣਾ ਹੈ ਤਾਂ ARES LANDING Assist ਕਰ ਸਕਦੀ ਹੈ :**




SBA LOAN | FHA LOAN | CONVENTIONAL LOAN | Commercial Loan | PRIVATE LOAN | VA LOAN

## ਜੇਕਰ ਤੁਸੀਂ Veteran ਹੋ America ਦੇ ਤਾਂ

## ਤੁਹਾਨੂੰ 100% Financing Veteran ਦਾ ਆਪਾ ਦਵਾ ਸਕਦੇ ਹਾਂ

**Contact (TONY SINGH ) For More INFO at : (916) 519-7009**

DRE#: 01901843 | NMLS: 823070 | DRE# 02188764 | NMLS# 2402240

# TRS LDA SERVICES COMPANY

DRE# 02188764 | LDA# 2022-001

**Loan ਲੈਣ ਵਿੱਚ ਆਉਂਦੀ ਹੋਵੇ ਮੁਸ਼ਕਿਲ ਤਾਂ TRS LDA SERVICES COMPANY ਕੋਲ ਹੈ Credit Repair ਦਾ ਹਰ ਹੱਲ**

Credit ਠੀਕ ਕਰਵਾਉਣਾ ਹੋਵੇ | Credit ਤੇ Negative Items ਹੋਣ | ਜ਼ਿਆਦਾ Enquiries ਹੋਣ

ਤੁਹਾਡਾ LOAN ਪਾਸ ਨਾ ਹੁੰਦਾ ਹੋਵੇ, ਤਾਂ ਅਸੀਂ ਤੁਹਾਡਾ Credit FIX ਕਰਨ ਵਿੱਚ ਮਦਦ ਕਰਦੇ ਹਾਂ
ਤੁਹਾਡਾ Score ਘੱਟ ਹੈ ਤਾਂ ਸਾਡੀ Company Credit Repair ਵੀ ਕਰਦੀ ਹੈ

**ਜਾਣਕਾਰੀ ਲਈ ਕਾਲ ਕਰੋ : Credit Analyst : Fatima Fierros : (916) 829-4200**

Now Open New Banquet Hall in Sacramento
For more info: Contact Paul : (916)334-6000




SONNY
DHALIWAL
for SUPERVISOR
EXPERIENCED LEADERSHIP YOU CAN TRUST
Paid for by Sonny Dhaliwal for County Supervisor 2024 FPPC#1459023


SAI JEWELERS
Making Every Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜ੍ਹੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ )
Open : Tuesday -Sunday | 11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350

# ARCPOINT LABS
## OF MANTECA

Accurate, Reliable, Confidential Testing.

**ਸਾਡੀਆਂ ਸੇਵਾਵਾਂ :**

**DOT ਦੇ Drug ਤੇ Alcohal Testing**
**Pre- Employment Testing | Physicals**
**Hair & Nail Testing |Immigration DNA**
**Paternity & Relationship DNA**

**Health Checkups ਜਿਵੇਂ :**


Cholestrol Test


Heart Health


Thyroid Test


Diabetes Test


Food Allergy



Vitamin & Nutrient Test

**ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ**




**ਵਧੇਰੇ ਜਾਣਕਾਰੀ ਲਈ ਕਾਲ ਕਰੋ :**

**(209) 629-8282 |(209) 505-6384**

**Address : 119. Maple AVe, Suite A Manteca, CA 95336**


ਪ੍ਰੇਮ ਵਿਆਹ | ਸੌਤਨ ਦੁਸ਼ਮਨ ਤੋਂ ਛੁਟਕਾਰਾ
ਕੰਮ- ਕਾਰੋਬਾਰ 'ਚ ਰੁਕਾਵਟ | ਵਿਦੇਸ਼ ਯਾਤਰਾ ਜਾਂ PR 'ਚ ਰੁਕਾਵਟ
ਕਰਜ਼ਾ ਮੁਕਤੀ | ਗ੍ਰਹਿ ਕਲੇਸ਼ ਤੋਂ ਛੁਟਕਾਰਾ | ਪਤੀ -ਪਤਨੀ 'ਚ ਅਣਬਣ
ਕੀਤਾ ਕਰਾਇਆ | ਜਾਦੂ - ਟੂਣਾ | ਕੋਰਟ ਕੇਸ ਤੋਂ ਮੁਕਤੀ
ਲਾਟਰੀ ਦੇ ਲੱਕੀ ਨੰਬਰ ਪਾਓ | ਬਿਜ਼ਨਸ 'ਚ ਘਾਟਾ
Legal Documents
ਵਸ਼ੀਕਰਨ ਕਰਵਾਉਣਾ ਜਾਂ ਤੁੜਵਾਉਣ
ਪਿਆਰ 'ਚ ਧੋਖਾ ਖਾ ਚੁੱਕੇ
ਪ੍ਰੇਮੀ -ਪ੍ਰੇਮਿਕਾ ਇੱਕ ਵਾਰ
ਜ਼ਰੂਰ ਅਜ਼ਮਾਉਣ
ਕਾਲੇ ਜਾਦੂ ਵਰਗੀਆਂ
ਸਮੱਸਿਆਂਵਾਂ ਦਾ
ਜੜ ਤੋਂ ਖ਼ਾਤਮਾ
PANDIT SHARON
Contact (209) 629-6397
35 ਸਾਲ ਦਾ ਤਜ਼ਰਬਾ